# *ਚਿੰਨ੍ਹ ਦੀ ਅਵਾਜ*

ਬਸ ਕੁਝ ਪਲਾਂ ਲਈ ਪ੍ਰਭੂ ਦੀ ਹਜ਼ੂਰੀ ਵਿਚ ਖੜ੍ਹੇ ਰਹਾਂਗੇ। ਆਉ ਅਸੀਂ ਉਸਦੇ ਵਚਨ ਵਿੱਚੋਂ, ਕੂਚ ਦੀ ਕਿਤਾਬ, ਚੌਥੇ ਅਧਿਆਇ ਵਿੱਚੋਂ ਪੜ੍ਹੀਏ।

*...ਮੂਸਾ ਨੇ ਉੱਤਰ ਦਿੱਤਾ, ਪਰ, ਵੇਖੋ, ਉਹ ਮੇਰੇ ਉੱਤੇ ਵਿਸ਼ਵਾਸ ਨਹੀਂ ਕਰਨਗੇ, ਨਾ ਮੇਰੀ ਅਵਾਜ਼ ਨੂੰ ਸੁਣਨਗੇ: ਕਿਉਂਕਿ ਉਹ ਆਖਣਗੇ,* **ਯਹੋਵਾਹ** *ਨੇ ਤੈਨੂੰ ਦਰਸ਼ਨ ਨਹੀਂ ਦਿੱਤਾ।*

**ਯਹੋਵਾਹ** *ਨੇ ਉਸ ਨੂੰ ਕਿਹਾ, ਤੇਰੇ ਹੱਥ ਵਿੱਚ ਕੀ ਹੈ?...ਉਸਨੇ ਕਿਹਾ, ਇੱਕ ਢਾਂਗਾ।*

*ਅਤੇ ਉਸ ਨੇ ਆਖਿਆ, ਇਸ ਨੂੰ ਜ਼ਮੀਨ ਉੱਤੇ ਸੁੱਟ ਦੇ। ਅਤੇ ਉਸਨੇ ਇਸਨੂੰ ਜ਼ਮੀਨ ਉੱਤੇ ਸੁੱਟ ਦਿੱਤਾ, ਅਤੇ ਉਹ ਇੱਕ ਸੱਪ ਬਣ ਗਿਆ; ਅਤੇ ਮੂਸਾ ਉਸ ਦੇ ਅੱਗੋਂ ਭੱਜ ਗਿਆ।*

*ਅਤੇ* **ਯਹੋਵਾਹ** *ਨੇ ਮੂਸਾ ਨੂੰ ਆਖਿਆ, ਆਪਣਾ ਹੱਥ ਵਧਾ, ਅਤੇ ਇਸਨੂੰ ਪੂਛ ਤੋਂ ਫੜ ਲੈ। ਅਤੇ ਉਸਨੇ ਆਪਣਾ ਹੱਥ ਵਧਾ ਕੇ, ਉਸਨੂੰ ਫੜ ਲਿਆ, ਅਤੇ ਉਹ ਉਸਦੇ ਹੱਥ ਵਿੱਚ ਇੱਕ ਢਾਂਗਾ ਬਣ ਗਿਆ:*

*ਤਾਂ ਜੋ ਓਹ ਪਰਤੀਤ ਕਰਨ ਭਈ* **ਯਹੋਵਾਹ** *ਉਨ੍ਹਾਂ ਦੇ ਪਿਉ ਦਾਦਿਆਂ ਦੇ ਪਰਮੇਸ਼ੁਰ, ਅਬਰਾਹਾਮ ਦੇ ਪਰਮੇਸ਼ੁਰ ਅਰ ਇਸਹਾਕ ਦੇ ਪਰਮੇਸ਼ੁਰ, ਅਰ ਯਾਕੂਬ ਦੇ ਪਰਮੇਸ਼ੁਰ ਨੇ ਤੈਨੂੰ ਦਰਸ਼ਣ ਦਿੱਤਾ।*

*ਅਤੇ* **ਯਹੋਵਾਹ** *ਨੇ ਉਸ ਨੂੰ ਹੋਰ ਏਹ ਆਖਿਆ, ਹੁਣ ਤੂੰ ਆਪਣਾ ਹੱਥ ਆਪਣੀ ਛਾਤੀ ਉੱਤੇ ਰੱਖ। ਅਤੇ ਉਸਨੇ ਆਪਣਾ ਹੱਥ ਛਾਤੀ ਤੇ ਰੱਖਿਆ: ਅਤੇ ਜਦੋਂ ਉਸਨੇ ਉਸਨੂੰ ਕੱਢਿਆ, ਤਾਂ ਵੇਖੋ, ਉਹ ਕੋੜ੍ਹ ਨਾਲ ਬਰਫ਼ ਵਰਗਾ ਹੋ ਗਿਆ ਸੀ।*

*ਅਤੇ ਉਹਨੇ ਆਖਿਆ, ਆਪਣਾ ਹੱਥ ਫੇਰ ਛਾਤੀ ਉੱਤੇ ਰੱਖ। ਫ਼ੇਰ ਉਸਨੇ ਆਪਣਾ ਹੱਥ ਉਸਦੀ ਛਾਤੀ ਉੱਤੇ ਰੱਖਿਆ; ਅਤੇ ਉਸਨੂੰ ਉਸਦੀ ਛਾਤੀ ਵਿੱਚੋਂ ਬਾਹਰ ਕੱਢ ਲਿਆ, ਅਤੇ, ਵੇਖੋ, ਇਹ ਉਸਦੇ ਪਹਿਲਾਂ ਵਾਂਗ ਹੋ ਗਿਆ।*

*ਫੇਰ ਐਉਂ ਹੋਵੇਗਾ ਭਈ ਜੇ ਓਹ ਤੇਰੀ ਪਰਤੀਤ ਨਾ ਕਰਨ ਨਾ ਹੀ ਪਹਿਲੇ ਨਿਸ਼ਾਨ ਦਾ ਮਤਲਬ ਮੰਨਣ, ਤਾਂ ਓਹ ਦੂਜੇ ਨਿਸ਼ਾਨ ਦੇ ਮਤਲਬ ਉੱਤੇ ਪਰਤੀਤ ਕਰਨਗੇ।*

*ਅਤੇ ਐਉਂ ਹੋਵੇਗਾ ਭਈ ਜੇ ਕਰ ਓਹ ਇਨ੍ਹਾਂ ਦੋਹਾਂ ਨਿਸ਼ਾਨਾਂ ਉੱਤੇ ਵੀ ਪਰਤੀਤ ਨਾ ਕਰਨ ਨਾ ਤੇਰੀ ਅਵਾਜ਼ ਨੂੰ ਸੁਣਨ, ਤਾਂ ਤੂੰ ਦਰਿਆ ਦਾ ਪਾਣੀ ਲੈਕੇ ਸੁੱਕੀ ਭੋਂ ਉੱਤੇ ਡੋਹਲੀਂ: ਉਹ ਪਾਣੀ ਜਿਹੜਾ ਤੂੰ ਦਰਿਆ ਤੋਂ ਲਵੇਂਗਾ ਉਹ ਉਸ…ਸੁੱਕੀ ਭੋਂ ਉੱਤੇ ਲਹੂ ਹੋ ਜਾਵੇਗਾ।*

2 ਆਓ ਪ੍ਰਾਰਥਨਾ ਲਈ ਸਿਰ ਝੁਕਾਈਏ। ਹੁਣ ਤੁਹਾਡੇ ਕੋਲ ਇੱਕ ਬੇਨਤੀ ਹੈ, ਅੱਜ ਸ਼ਾਮ ਨੂੰ, ਜਿਸ ਤੋਂ ਤੁਸੀਂ ਪ੍ਰਭੂ ਨੂੰ ਜਾਣੂ ਕਰਵਾਉਣਾ ਚਾਹੁੰਦੇ ਹੋ, ਬੱਸ ਆਪਣੇ ਹੱਥ ਖੜੇ ਕਰੋ ਅਤੇ ਕਹੋ, "ਪ੍ਰਭੂ, ਹੁਣ ਮੈਨੂੰ ਯਾਦ ਕਰੋ। ਮੈਨੂੰ ਲੋੜ ਹੈ।"

3 ਸਾਡੇ ਸਵਰਗੀ ਪਿਤਾ, ਅਸੀਂ ਅੱਜ ਸ਼ਾਮ ਨੂੰ ਦੁਬਾਰਾ ਤੁਹਾਡੇ ਕੋਲ ਆ ਰਹੇ ਹਾਂ, ਇਹ ਜਾਣਦਿਆਂ ਜਦ ਅਸੀਂ ਆਪਣਾ ਸਿਰ ਉਸ ਮਿੱਟੀ ਵੱਲ ਝੁਕਾਉਂਦੇ ਹਾਂ ਜਿੱਥੋਂ ਅਸੀਂ ਆਏ ਹਾਂ, ਅਤੇ, ਜੇਕਰ ਤੁਸੀਂ ਦੇਰ ਲਗਾਉਂਦੇ ਹੋ, ਤਾਂ ਅਸੀਂ ਵਾਪਸ ਮਿੱਟੀ ਵਿੱਚ ਚਲੇ ਜਾਵਾਂਗੇ। ਪਰ ਉਸ ਵਾਅਦੇ ਦੀ ਮੁਬਾਰਕ ਉਮੀਦ ਦੇ ਨਾਲ ਜੋ ਮਸੀਹ ਵਿੱਚ ਹੈ, ਕਿ ਉਹ ਸਾਰੇ ਜੋ ਪਰਮੇਸ਼ੁਰ ਵਿੱਚ ਹਨ ਉਨ੍ਹਾਂ ਨੂੰ ਮਸੀਹ ਆਪਣੇ ਨਾਲ ਲਿਆਵੇਗਾ। ਅਸੀਂ—ਅਸੀਂ ਇਸ ਸ਼ਾਨਦਾਰ ਵਾਅਦੇ ਲਈ ਤੁਹਾਡਾ ਧੰਨਵਾਦ ਕਰਦੇ ਹਾਂ। ਅਤੇ ਮੈਂ ਪ੍ਰਾਰਥਨਾ ਕਰਦਾ ਹਾਂ, ਪਰਮੇਸ਼ੁਰ, ਕਿ ਤੁਸੀਂ ਉਨ੍ਹਾਂ ਵਿੱਚੋਂ ਹਰੇਕ ਨੂੰ ਯਾਦ ਕਰੋਗੇ ਜਿਨ੍ਹਾਂ ਨੇ ਆਪਣੇ ਹੱਥ ਖੜੇ ਕੀਤੇ ਹਨ, ਮੇਰਾ ਵੀ, ਪ੍ਰਭੂ।

4 ਮੈਂ ਅੱਜ ਰਾਤ, ਪ੍ਰਾਰਥਨਾ ਕਰ ਰਿਹਾ ਹਾਂ, ਕਿ ਇਸ ਵਿਸ਼ਵਾਸ ਦੀ ਘੜੀ ਦੇ ਅੰਤ ਵਿੱਚ, ਕਿ ਤੁਸੀਂ ਅੱਜ ਰਾਤ ਲੋਕਾਂ ਨੂੰ ਅਜਿਹਾ ਵਿਸ਼ਵਾਸ ਦਿਓਗੇ, ਕਿ ਪ੍ਰਭੂ ਯਿਸੂ ਸਾਡੇ ਵਿੱਚੋਂ ਹਰੇਕ ਲਈ ਇੰਨਾ ਅਸਲੀ ਹੋਵੇਗਾ, ਕਿ ਅੱਜ ਰਾਤ ਤੋਂ ਬਾਅਦ ਸਾਡੇ ਵਿਚਕਾਰ ਕੋਈ ਵਿਅਕਤੀ ਕਮਜ਼ੋਰ ਨਹੀਂ ਰਹੇਗਾ। ਹਰ ਪਾਪੀ ਨੂੰ ਇਹ ਅਹਿਸਾਸ ਹੋਵੇ ਕਿ ਉਹ ਪ੍ਰਭੂ ਯਿਸੂ ਦੀ ਹਜੂਰੀ ਵਿੱਚ ਹੈ, ਅਤੇ ਫਿਰ ਆਪਣੇ ਪਾਪਾਂ ਤੋਂ ਤੋਬਾ ਕਰੇ, ਅਤੇ ਆਪਣਾ ਦਿਲ ਤੈਨੂੰ ਦੇਵੇ, ਅਤੇ ਆਤਮਾ ਨਾਲ ਭਰਪੂਰ ਹੋਵੇ, ਇਸ ਆਖਰੀ ਬੁਰੇ ਸਮੇਂ ਵਿੱਚ, ਜਦੋਂ ਅਸੀਂ ਇਹਨੂੰ ਧਰਤੀ ਤੇ ਇੱਕ ਵੱਡੇ ਸਾਏ ਵਾਂਗ ਲੰਘਦਾ ਹੋਇਆ ਵੇਖਦੇ ਹਾਂ।

5 ਅਸੀਂ ਪ੍ਰਾਰਥਨਾ ਕਰਦੇ ਹਾਂ, ਪਰਮੇਸ਼ੁਰ, ਦੈਵਿਕ ਮਾਰਗਦਰਸ਼ਨ ਲਈ, ਅੱਜ ਰਾਤ, ਬੋਲਣ ਅਤੇ ਸੁਣਨ ਲਈ। ਹੋਣ ਦੇ ਕਿ ਪਵਿੱਤਰ ਆਤਮਾ ਹੁਣ ਸਭਾ ਨੂੰ ਲੈ ਲਵੇ ਅਤੇ ਸਾਡੇ ਵਿੱਚੋਂ ਹਰੇਕ ਨੂੰ ਜੀਵਨ ਦੀ ਰੋਟੀ ਦੇਵੇ ਜਿਵੇਂ ਕਿ ਸਾਨੂੰ ਲੋੜ ਹੈ, ਕਿਉਂਕਿ ਅਸੀਂ ਇਸਨੂੰ ਉਸਦੇ ਨਾਮ ਵਿੱਚ ਮੰਗਦੇ ਹਾਂ। ਆਮੀਨ।

ਤੁਸੀਂ ਬੈਠ ਸਕਦੇ ਹੋ।

6 ਮੈਨੂੰ ਭਰੋਸਾ ਹੈ ਕਿ ਅੱਜ ਰਾਤ ਅਸੀਂ ਉਸ ਨੂੰ ਪੂਰਾ ਕਰਨ ਦੇ ਯੋਗ ਹੋਵਾਂਗੇ ਜੋ ਅਸੀਂ ਲੋਕਾਂ ਨੂੰ ਦਿਖਾਉਣ ਦੀ ਕੋਸ਼ਿਸ਼ ਕਰ ਰਹੇ ਹਾਂ, ਪਰਮੇਸ਼ੁਰ ਵਿੱਚ ਵਿਸ਼ਵਾਸ ਰੱਖਣ ਦੀ ਅਸਲੀਅਤ।

7 ਹੁਣ, ਕੱਲ੍ਹ ਦੁਪਹਿਰ ਢਾਈ ਵਜੇ, ਉਨ੍ਹਾਂ ਸਭਨਾਂ ਲਈ ਪ੍ਰਾਰਥਨਾ ਕੀਤੀ ਜਾਵੇਗੀ ਜਿਨ੍ਹਾਂ ਕੋਲ ਪ੍ਰਾਰਥਨਾ ਕਾਰਡ ਹਨ। ਅਤੇ ਫਿਰ ਇਹ ਸੁਨਿਸ਼ਚਿਤ ਕਰਨ ਲਈ ਕਿ ਕੋਈ ਪ੍ਰਾਰਥਨਾ ਕਾਰਡਾਂ ਤੋਂ ਬਿਨਾਂ ਨਾ ਰਹਿ ਗਿਆ ਹੋਵੇ, ਹਰ ਰਾਤ ਅਸੀਂ ਕੁਝ ਪ੍ਰਾਰਥਨਾ ਕਾਰਡ ਦਿੰਦੇ ਹਾਂ। ਅਤੇ ਉਹ ਕੱਲ੍ਹ ਦੁਬਾਰਾ ਉਨ੍ਹਾਂ ਨੂੰ ਦੇਵੇਗਾ, ਲਗਭਗ...ਮੈਨੂੰ ਲੱਗਦਾ ਹੈ, ਲਗਭਗ ਇੱਕ-ਤੀਹ ਜਾਂ ਇਸ ਦੇ ਕਰੀਬ, ਸਭਾ ਸ਼ੁਰੂ ਹੋਣ ਤੋਂ ਠੀਕ ਪਹਿਲਾਂ। ਅਤੇ ਉਹ ਸਾਰੇ ਜੋ ਪ੍ਰਾਰਥਨਾ ਕਰਾਉਣੀ ਚਾਹੁੰਦੇ ਹਨ, ਤੁਹਾਡੇ ਕਿਸੇ ਵੀ ਅਜ਼ੀਜ਼ ਲਈ, ਉਨ੍ਹਾਂ ਨੂੰ ਆਉਣ ਦਿਓ ਅਤੇ ਇੱਕ ਪ੍ਰਾਰਥਨਾ ਕਾਰਡ ਲੈ ਲਵੋ। ਪ੍ਰਾਰਥਨਾ ਕਾਰਡ ਲੈਣ ਲਈ ਉਨ੍ਹਾਂ ਦਾ ਯਕੀਨੀ ਤੌਰ ਤੇ ਸੁਆਗਤ ਹੋਵੇਗਾ। ਅਤੇ ਅਸੀਂ ਜਾ ਰਹੇ ਹਾਂ...

8 ਮੈਂ ਲੋਕਾਂ ਲਈ ਪ੍ਰਾਰਥਨਾ ਕਰਨੀ ਚਾਹੁੰਦਾ ਹਾਂ, ਉਨ੍ਹਾਂ ਤੇ ਹੱਥ ਰੱਖ ਕੇ ਅਤੇ ਉਨ੍ਹਾਂ ਲਈ ਪ੍ਰਾਰਥਨਾ ਕਰਕੇ। ਹੁਣ ਜੇਕਰ ਤੁਹਾਡੀ ਨਿਹਚਾ ਪ੍ਰਭੂ ਯਿਸੂ ਦੀ ਹਜ਼ੂਰੀ ਵਿੱਚ ਨਹੀਂ ਉੱਠ ਸਕਦੀ ਅਤੇ ਉਸਨੂੰ ਆਪਣਾ ਚੰਗਾ ਕਰਨ ਵਾਲਾ ਸਵੀਕਾਰ ਨਹੀਂ ਕਰ ਸਕਦੀ, ਅਤੇ ਤੁਸੀਂ ਬਸ ਵਿਸ਼ਵਾਸ ਕਰਦੇ ਹੋ ਕਿ ਜੇਕਰ ਅਸੀਂ ਪ੍ਰਾਰਥਨਾ ਕਰਦੇ ਹਾਂ ਅਤੇ ਤੁਹਾਡੇ ਉੱਤੇ ਹੱਥ ਰੱਖਦੇ ਹਾਂ, ਤਾਂ ਇਹ ਮਦਦ ਕਰੇਗਾ, ਖੈਰ, ਅਸੀਂ ਨਿਸ਼ਚਤ ਤੌਰ ਤੇ ਇੱਥੇ ਕੁਝ ਵੀ ਕਰਨ ਲਈ ਹਾਂ ਜੋ ਤੁਸੀਂ ਚਾਹੁੰਦੇ ਹੋ।

9 ਉਹ ਕਾਰਨ ਜਿਸ ਕਰਕੇ ਮੈਂ ਇਸਨੂੰ ਦੇਰ ਤੱਕ ਟਾਲ ਦਿੱਤਾ, ਲੰਬੇ ਸਮੇਂ, ਇਹ ਵੇਖ ਕੇ ਕਿ ਹਰ ਕੋਈ ਜੋ ਮੈਂ ਕਰ ਸਕਦਾ ਸੀ, ਜੋ ਉਸ ਅਧਾਰ ਤੇ ਪਰਮੇਸ਼ੁਰ ਤੱਕ ਪਹੁੰਚ ਸਕਦਾ ਹੈ ਅਤੇ ਪ੍ਰਾਪਤ ਕਰ ਸਕਦਾ ਹੈ। ਅਤੇ ਸਾਡੇ ਕੋਲ ਬਹੁਤ ਸਾਰੇ ਨਹੀਂ ਹਨ। ਉੱਥੇ...ਇਮਾਰਤ ਵੱਡੀ ਨਹੀਂ ਹੈ, ਅਤੇ ਇਸ ਲਈ ਸਾਡੇ ਕੋਲ ਬਹੁਤ ਸਾਰੇ ਲੋਕ ਨਹੀਂ ਹਨ। ਅਤੇ ਅਸੀਂ ਕੱਲ ਦੁਪਹਿਰ ਨੂੰ ਲੈ ਸਕਦੇ ਹਾਂ ਅਤੇ ਸਾਰਿਆਂ ਲਈ ਪ੍ਰਾਰਥਨਾ ਕਰ ਸਕਦੇ ਹੈ ਜੋ ਸਾਡੇ ਕੋਲ ਇੱਥੇ ਹਨ, ਦੁਪਹਿਰ ਨੂੰ ਉਸ ਉਦੇਸ਼ ਲਈ ਰੱਖ ਰਹੇ ਹਾਂ, ਬਿਮਾਰਾਂ ਲਈ ਪ੍ਰਾਰਥਨਾ ਕਰਨ ਲਈ।

10 ਅਤੇ ਅਸੀਂ ਇੱਥੇ ਕੁਝ ਵੀ ਕਰਨ ਲਈ ਹਾਂ ਜੋ ਅਸੀਂ ਤੁਹਾਡੇ ਲਈ ਜੀਵਨ ਨੂੰ ਥੋੜ੍ਹਾ ਬਿਹਤਰ ਬਣਾਉਣ ਵਿੱਚ ਮਦਦ ਲਈ ਕਰ ਸਕਦੇ ਹਾਂ, ਬੋਝ ਨੂੰ ਹਲਕਾ ਕਰਨ ਲਈ, ਇਸ ਯਾਤਰਾ ਵਿੱਚ ਜਿਸ ਵਿੱਚ ਅਸੀਂ ਸਫ਼ਰ ਕਰ ਰਹੇ ਹਾਂ।

11 ਅਤੇ ਫਿਰ ਕਿਸੇ ਵੀ ਸਮੇਂ, ਜੇ ਕੋਈ ਵੀ ਅਜਿਹਾ ਮਹਿਸੂਸ ਕਰਦਾ ਹੈ

ਕਿ—ਕਿ ਉਹ ਪ੍ਰਭੂ ਯਿਸੂ ਕੋਲ ਆਉਣਾ ਚਾਹੁੰਦੇ ਹਨ, ਤਾਂ ਭਾਵੇਂ ਸਭਾ ਦਾ ਕੋਈ ਵੀ ਹਿੱਸਾ ਚੱਲ ਰਿਹਾ ਹੋਵੇ, ਤੁਸੀਂ ਉਸੇ ਵੇਲੇ ਆ ਜਾਣਾ। ਵੇਦੀ ਦੀ ਪੁਕਾਰ ਹੋਣ ਤੱਕ ਉਡੀਕ ਨਾ ਕਰੋ। ਬੁਲਾਵਾ ਦੇਣ ਤੱਕ ਉਡੀਕ ਨਾ ਕਰੋ। ਤੁਸੀਂ ਉਸੇ ਵੇਲੇ ਆਉ, ਮਸੀਹ ਨੂੰ ਸਵੀਕਾਰ ਕਰੋ, ਅਤੇ ਉਸੇ ਵੇਲੇ ਆਓ ਅਤੇ ਉਸੇ ਵੇਲੇ ਉਸ ਦਾ ਇਕਰਾਰ ਕਰੋ। ਕਿਉਂਕਿ ਇੱਥੇ ਹੋਣ ਦਾ ਸਾਡਾ ਇਹੀ ਮੁੱਖ ਉਦੇਸ਼ ਹੈ, ਕਿ ਪਰਮੇਸ਼ੁਰ ਦੇ ਰਾਜ ਵਿੱਚ ਰੂਹਾਂ ਨੂੰ ਜਨਮ ਲੈਂਦੇ ਵੇਖੀਏ।

12 ਅਤੇ ਹੁਣ, ਕੱਲ੍ਹ ਐਤਵਾਰ ਹੈ, ਅਤੇ ਇੱਥੇ ਐਤਵਾਰ ਸਕੂਲ, ਚਰਚ ਹੋਣਗੇ। ਸਾਡਾ ਦੁਪਹਿਰ ਵੇਲੇ ਸਭਾਵਾਂ ਰੱਖਣ ਦਾ ਕਾਰਣ ਇਹ ਇਹ ਕਿ, ਐਤਵਾਰ ਨੂੰ, ਅਸੀਂ ਕਿਸੇ ਵੀ ਸਭਾ ਵਿੱਚ ਬਿਲਕੁਲ ਵੀ ਵਿਘਨ ਨਹੀਂ ਪਾਉਣਾ ਚਾਹੁੰਦੇ। ਅਸੀਂ ਵਿਸ਼ਵਾਸ ਕਰਦੇ ਹਾਂ ਕਿ ਹਰੇਕ ਮਸੀਹੀ ਕੋਲ ਇੱਕ—ਇੱਕ ਘਰੇਲੂ ਕਲੀਸਿਯਾ ਹੋਣੀ ਚਾਹੀਦੀ ਜਿਸ ਵਿੱਚ ਉਹ ਜਾ ਸਕਣ। ਹਰ ਮਸੀਹੀ ਨੂੰ ਵਿਸ਼ਵਾਸੀਆਂ ਨਾਲ ਕਿਤੇ ਮਿਲਣਾ ਚਾਹੀਦਾ ਹੈ। ਅਤੇ ਜਿੱਥੇ ਵੀ ਤੁਸੀਂ ਮਿਲਦੇ ਹੋ, ਉਹੀ ਚਰਚ ਜਾਂ ਕਲੀਸੀਆ ਹੈ।

13 ਹੁਣ, ਜੇ ਮੈਂ ਇੱਥੇ ਰਹਿੰਦਾ ਹੁੰਦਾ, ਤਾਂ ਮੈਂ ਇੱਥੇ ਇਹਨਾਂ ਚਰਚਾਂ ਵਿੱਚੋਂ ਇੱਕ ਨਾਲ ਸਬੰਧਤ ਹੁੰਦਾ, ਜਿਨ੍ਹਾਂ ਦੀ ਇੱਥੇ ਇਹ ਪਾਸਟਰ, ਜੋ ਸਹਿਯੋਗ ਕਰ ਰਹੇ ਹਨ, ਨੁਮਾਇੰਦਗੀ ਕਰ ਰਹੇ ਹਨ। ਕਿਉਂ? ਕਿਉਂਕਿ ਉਹ ਇੱਥੇ ਮੰਚ ਤੇ ਬੈਠੇ ਹੋਏ ਹਨ, ਤਾਂ ਜੋ ਸਾਰੇ ਲੋਕਾਂ ਨੂੰ ਵੇਖਣ ਸਕਣ, ਤਾਂ ਕਿ ਜੋ ਕੁਝ ਹੋ ਰਿਹਾ ਹੈ ਉਹ ਉਸ ਦਾ ਸਮਰਥਨ ਕਰਨ। ਉਹ ਇਸ ਕਿਸਮ ਦੀ ਸੇਵਕਾਈ, ਰੱਬੀ ਚੰਗਾਈ, ਪਵਿੱਤਰ ਆਤਮਾ ਦਾ ਬਪਤਿਸਮਾ, ਅਤੇ ਹੋਰ ਬਹੁਤ ਕੁਝ ਵਿੱਚ ਵਿਸ਼ਵਾਸ ਕਰਦੇ ਹਨ। ਉਹ ਇੱਥੇ ਇਸਦੀ ਗਵਾਹੀ ਦੇ ਰਹੇ ਹਨ। ਉਹ ਹੀ ਸਨ ਜਿਨ੍ਹਾਂ ਨੇ ਮੈਨੂੰ ਇੱਥੇ ਆਉਣ ਦਾ ਸੱਦਾ ਦਿੱਤਾ ਸੀ, ਤਾਂ ਜੋ ਜਿਹੜੀ ਸੇਵਕਾਈ ਪ੍ਰਭੂ ਨੇ ਮੈਨੂੰ ਦਿੱਤੀ ਹੈ ਉਹ ਉਨ੍ਹਾਂ ਦੀ ਮੰਡਲੀ ਦੀ ਮਦਦ ਕਰ ਸਕੇ।

14 ਹੁਣ ਉਹ ਇੱਕ ਅਸਲੀ ਪਾਸਟਰ ਹੈ, ਉਹ ਸਾਰੇ ਆਤਮਿਕ ਲਾਭਾਂ ਦੀ ਤਲਾਸ਼ ਕਰ ਰਿਹਾ ਹੈ ਜੋ ਉਹ ਕਰ ਸਕਦਾ ਹੈ, ਸਭ ਕੁਝ ਦੀ ਜੋ ਪਰਮੇਸ਼ੁਰ ਕਰ ਰਿਹਾ ਹੈ, ਉਹ ਆਪਣੀ ਕਲੀਸਿਯਾ ਨੂੰ ਪਰਮੇਸ਼ੁਰ ਲਈ ਅੱਗੇ ਵਧਣ ਵਿੱਚ ਮਦਦ ਕਰਨ ਲਈ ਆਪਣੀ ਪੂਰੀ ਕੋਸ਼ਿਸ਼ ਕਰ ਰਿਹਾ ਹੈ। ਮੈਂ ਨਿਸ਼ਚਿਤ ਹੀ ਅਜਿਹੇ ਪਾਸਟਰ ਲਈ ਆਪਣੀ ਟੋਪੀ ਇਜ਼ਤ ਵਿੱਚ ਉਤਾਰਦਾ ਹਾਂ।

15 ਅਤੇ ਇਹਨਾਂ ਆਦਮੀਆਂ ਨੂੰ ਇਹ ਮੁਸ਼ਕਲ ਦੇ ਅਧੀਨ ਵੀ, ਕਰਨਾ ਪਿਆ। ਤੁਸੀਂ ਵਿਸ਼ਵਾਸ ਕਰ ਸਕਦੇ ਹੋ ਕਿ ਇਹ ਸੱਚ ਹੈ। ਉਨ੍ਹਾਂ ਨੂੰ ਇਹ ਮੁਸ਼ਕਲ ਦੇ ਹੇਠ ਕਰਨਾ ਪਿਆ। ਅਤੇ ਮੈਂ—ਮੈਂ ਨਿਸ਼ਚਿਤ ਤੌਰ ਤੇ ਪਰਮੇਸ਼ੁਰ ਦੇ ਅਜਿਹੇ ਮਹਾਨ ਪੁਰਸ਼ਾਂ ਲਈ ਧੰਨਵਾਦੀ ਹਾਂ, ਜੋ ਆਪਣੀ ਜਗ੍ਹਾ ਲੈਣ ਦੀ

ਇੱਛਾ ਰੱਖਦੇ ਅਤੇ ਉਨ੍ਹਾਂ ਦੀ ਜਿੰਮੇਵਾਰੀ ਦੇ ਅਹੁਦੇ ਨੂੰ ਲੈਣ ਲਈ ਤਿਆਰ ਹਨ, ਅਤੇ—ਅਤੇ ਵਿਸ਼ਵਾਸ ਕਰਦੇ ਹਨ। ਪਰਮੇਸ਼ੁਰ ਉਹਨਾਂ ਨੂੰ ਸਦਾ ਆਸ਼ੀਸ਼ ਦੇਵੇ!

16 ਅਤੇ ਮੈਨੂੰ ਯਕੀਨ ਹੈ ਕਿ ਉਹ ਤੁਹਾਡੇ ਲਈ ਚੰਗਾ ਕਰਨਗੇ। ਹੁਣ, ਜੇਕਰ ਤੁਸੀਂ ਇੱਥੇ ਇੱਕ ਅਜਨਬੀ ਹੋ, ਤਾਂ ਪਤਾ ਲਗਾਓ ਕਿ ਇਹਨਾਂ ਭਾਈਆਂ ਦੇ ਚਰਚ ਕਿੱਥੇ ਹਨ, ਉਹ ਕਿੱਥੇ ਹਨ। ਕੱਲ੍ਹ ਉਨ੍ਹਾਂ ਕੋਲ ਜਾਓ। ਉਹਨਾਂ ਕੋਲ ਵਿਸ਼ੇਸ਼ ਸਭਾਵਾਂ ਹੋਣਗੀਆਂ, ਅਤੇ ਇੱਥੇ ਸੇਵਕ ਹਨ ਜੋ ਵੱਖ-ਵੱਖ ਕੱਲੀਸਿਯਾ ਵਿੱਚ ਬੋਲਣਗੇ, ਅਤੇ ਜਿਵੇਂ ਇਸ ਦਾ ਐਲਾਨ ਕੀਤਾ ਗਿਆ ਹੈ। ਇਸ ਲਈ ਕੱਲ੍ਹ ਉਨ੍ਹਾਂ ਕੋਲ ਰਹੋ।

17 ਅਤੇ ਫਿਰ ਕੱਲ੍ਹ ਦੁਪਹਿਰ, ਜੇਕਰ ਤੁਸੀਂ ਸਭਾ ਦੀ ਸਮਾਪਤੀ ਲਈ ਬਾਹਰ ਆਉਣਾ ਚਾਹੁੰਦੇ ਹੋ, ਤਾਂ ਸਾਨੂੰ ਤੁਹਾਡੇ ਨਾਲ ਯਕੀਨਨ ਖੁਸ਼ੀ ਹੋਵੇਗੀ। ਸਾਰੀਆਂ ਕਲੀਸਿਯਾਂ, ਸਾਰੀਆਂ ਸੰਪਰਦਾਵਾਂ, ਇਹ ਹਰ ਕਿਸੇ ਲਈ ਹੈ। ਸਾਰਿਆਂ ਦਾ ਸੁਆਗਤ ਹੈ: ਮੈਥੋਡਿਸਟ, ਬੈਪਟਿਸਟ, ਪ੍ਰੈਸਬੀਟੇਰੀਅਨ, ਪੈਂਟੇਕੋਸਟਲ, ਚਰਚ ਆਫ਼ ਕ੍ਰਾਇਸਟ, ਚਰਚ ਔਫ ਗੋਡ, ਕੈਥੋਲਿਕ, ਆਰਥੋਡਾਕਸ ਯਹੂਦੀ, ਨਾਸਤਿਕ, ਤੁਸੀਂ ਜੋ ਵੀ ਹੋ। ਅਸੀਂ…ਤੁਹਾਨੂੰ ਸੱਦਾ ਦਿੱਤਾ ਗਿਆ ਹੈ।

"ਤੁਸੀ ਕਿਹਾ, 'ਨਾਸਤਿਕ?" ਹਾਂ, ਸ਼੍ਰੀਮਾਨ।

18 ਜੇਕਰ ਕੋਈ ਨਾਸਤਿਕ ਸਭਾ ਵਿੱਚ ਆਵੇਗ ਅਤੇ ਬੈਠੇਗਾ ਅਤੇ ਸਹੀ ਵਿਵਹਾਰ ਕਰੇਗਾ, ਤਾਂ ਉਸਦਾ ਵੀ ਓਨਾ ਹੀ ਸਵਾਗਤ ਹੈ ਜਿੰਨਾ ਕਿਸੇ ਹੋਰ ਦਾ। ਠੀਕ ਹੈ। ਕੁਝ, ਇਹੀ ਉਹ ਹੈ ਜਿਸ ਲਈ ਅਸੀਂ ਉਸਨੂੰ ਇੱਥੇ ਚਾਹੁੰਦੇ ਹਾਂ, ਤਾਂ ਜੋ ਕੁਝ ਅਜਿਹਾ ਕੀਤਾ ਜਾ ਸਕੇ ਜਿਸ ਨਾਲ ਉਸਦੀ ਮੱਦਦ ਹੋਵੇ ਕਿ ਉਹ ਉਸਦੀ ਗਲਤੀ ਨੂੰ ਵੇਖੇ, ਅਤੇ ਪ੍ਰਭੂ ਕੋਲ ਆ ਜਾਵੇ। ਕਿਉਂਕਿ ਅਸੀਂ… ਯਕੀਨਨ।

19 ਕਿੰਨੇ ਲੋਕਾਂ ਨੇ ਉਸ ਛੋਟੇ ਦਰਸ਼ਨ ਨੂੰ ਪੜ੍ਹਿਆ ਸੀ ਜਿਸ ਨੂੰ ਕ੍ਰਿਸ਼ਚੀਅਨ ਬਿਜ਼ਨਸ ਮੇਨਜ਼ ਰਸਾਲੇ ਵਿੱਚ ਪ੍ਰਕਾਸ਼ਿਤ ਕੀਤਾ ਗਿਆ ਸੀ, ਅਤੇ ਮੈਨੂੰ ਯਕੀਏਨ ਹੈ ਕਿ ਕੁਹਹ ਹੋਰ ਰਸਾਲੇ-…ਤੇ, ਵਿਸ਼ਵਾਸ ਕਰਦਾ ਹਾਂ, *ਸਮੇਂ ਦੇ ਪਰਦੇ ਦੇ ਪਰ ਵੇਖਣਾ?* ਹੁਣ ਇਹ ਸੱਚ ਹੈ, ਦੋਸਤ। ਤੁਸੀਂ ਇਸ ਨੂੰ ਖੋ ਨਹੀਂ ਸਕਦੇ। ਮੈਂ—ਮੈਂ ਉਦੋਂ ਤੋਂ ਇੱਕ ਵੱਖਰਾ ਵਿਅਕਤੀ ਬਣ ਗਿਆ ਹਾਂ। ਮੈਨੂੰ ਪਤਾ ਹੈ ਕਿ ਇਹ ਵਾਸਤਵਿਕ ਹੈ, ਇਸ ਲਈ ਮੈਨੂੰ—ਮੈਨੂੰ—ਮੈਨੂੰ ਬਸ ਭਰੋਸਾ ਹੈ ਕਿ ਤੁਹਾਡੇ ਵਿੱਚੋਂ ਕੋਈ ਵੀ ਉਸ ਮਹਾਨ ਸਵਰਗ ਨੂੰ ਨਹੀਂ ਗੁਆਏਗਾ ਜੋ ਪਰਮੇਸ਼ੁਰ ਨੇ ਨਿਹਚਵਾਨਾਂ ਲਈ ਰੱਖਿਆ ਹੈ। ਜੇ ਤੁਸੀਂ ਖੁੰਝ ਜਾਂਦੇ ਹੋ, ਤਾਂ ਤੁਸੀਂ ਇੱਥੇ ਧਰਤੀ ਤੇ ਕੀ ਕੀਤਾ ਹੈ? ਕਿਉਂਕਿ, ਤੁਹਾਨੂੰ ਇਹ ਨਹੀਂ ਪਤਾ ਕਿ ਤੁਹਾਨੂੰ

ਕਿਸ ਸਮੇਂ ਇਸ ਸੰਸਾਰ ਨੂੰ ਛੱਡਣਾ ਪਏਗਾ। ਪਰ ਤੁਸੀਂ ਇੱਕ ਗੱਲ ਜਾਣਦੇ ਹੋ, ਤੁਹਾਨੂੰ ਯਕੀਨਨ ਇਸਨੂੰ ਛੱਡਣਾ ਪਏਗਾ। ਇਸ ਲਈ ਜੇਕਰ ਇਹ ਸੱਚ ਹੈ, ਤਾਂ ਕੀ ਅਸੀਂ ਸਭ ਤੋਂ ਜਿਆਦਾ ਮੂਰਖ ਨਹੀਂ ਹੋਵਾਂਗੇ ਜੇ ਅਸੀਂ ਬਸ ਕਰਨ ਦੀ—ਦੀ ਕੋਸ਼ਿਸ...ਅਸੀਂ ਕਿਸੇ ਵੀ ਤਰ੍ਹਾਂ ਦਾ ਖਤਰਾ ਮੁੱਲ ਨਹੀਂ ਲੈ ਸਕਦੇ। ਦੇਖੋ, ਬਸ ਯਾਦ ਰੱਖੋ, ਪਰਮੇਸ਼ੁਰ ਦੇ ਵਚਨ ਤੇ ਇਮਾਨ ਰੱਖੋ ਅਤੇ ਉਸ ਵਿੱਚ ਦਿੱਤੇ ਹਰ ਵਾਅਦੇ ਤੇ ਭਰੋਸਾ ਕਰੋ।

20 ਜ਼ਰਾ ਸੋਚੋ, ਕੀ ਕਾਰਣ ਸੀ ਹਰੇਕ ਬਿਮਾਰੀ, ਹਰੇਕ ਦਿਲ ਦਾ ਦਰਦ, ਹਰੇਕ ਮੌਤ, ਹਰੇਕ ਮੁਸੀਬਤ, ਹਰ ਦੁੱਖ, ਇਹ ਨਿੱਕਾ ਜਿਹਾ ਅਪਾਹਿਜ ਬੱਚਾ, ਇਹ ਸਾਰੀਆਂ ਚੀਜਾਂ, ਅਪਾਹਜ, ਅਨ੍ਹੇ, ਹਰੇਕ ਹਸਪਤਾਲ ਬਣਾਉਣਾ ਪਿਆ? ਕਿਉਂਕਿ ਇੱਕ ਵਿਅਕਤੀ ਨੇ ਬਸ ਵਚਨ ਦੇ ਇੱਕ ਛੋਟੇ ਜਿਹੇ ਹਿੱਸੇ ਤੇ ਬੇਪਰਤੀਤੀ ਕੀਤੀ। ਉਹ ਹੱਵਾਹ ਸੀ। ਸ਼ੈਤਾਨ ਨੇ ਬਸ ਉਸ ਦੇ ਲਈ ਇਸ ਸਿਰਫ਼ ਇਸ ਤੇ ਲੇਪ ਦਿੱਤਾ। ਹਵਾਲਾ ਨਹੀਂ ਦਿੱਤਾ, ਪਰ ਉਸ ਨੂੰ ਲੇਪ ਦਿੱਤਾ, ਕਿਹਾ, "ਜ਼ਰੂਰ...ਪ੍ਰਭੂ ਬਹੁਤ ਚੰਗਾ ਹੈ।"

21 ਤੁਸੀਂ ਅੱਜ ਇਸ ਬਾਰੇ ਬਹੁਤ ਕੁਝ ਸੁਣਦੇ ਹੋ, ਪਰਮੇਸ਼ੁਰ ਇੱਕ ਚੰਗਾ ਪਰਮੇਸ਼ੁਰ ਹੈ। ਉਹ ਇੱਕ ਚੰਗਾ ਪਰਮੇਸ਼ੁਰ ਹੈ, ਪਰ ਯਾਦ ਰੱਖੋ ਕਿ ਉਹ ਪਵਿੱਤਰਤਾ ਦਾ ਪਰਮੇਸ਼ੁਰ ਹੈ, ਇੱਕ ਅਜਿਹਾ ਪਰਮੇਸ਼ੁਰ ਜੋ ਪਾਪ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦਾ। ਤੁਹਾਡੇ ਲਈ ਜੁਰਮਾਨੇ ਦਾ ਭੁਗਤਾਨ ਕੀਤਾ ਗਿਆ ਹੈ, ਅਤੇ ਤੁਹਾਨੂੰ ਉਸ ਦੀਆਂ ਸ਼ਰਤਾਂ ਤੇ ਇਸਨੂੰ ਸਵੀਕਾਰ ਕਰਨਾ ਪਵੇਗਾ। ਅਤੇ ਯਾਦ ਰੱਖੋ, ਉਹ ਗੁੱਸੇ ਦਾ ਪਰਮੇਸ਼ੁਰ ਹੈ, ਕ੍ਰੋਧ ਦਾ ਪਰਮੇਸ਼ੁਰ ਹੈ। ਅਤੇ ਤੁਸੀਂ ਇੱਕ ਗੁੱਸੇ ਵਾਲੇ ਪਰਮੇਸ਼ੁਰ ਦੇ ਸਾਮ੍ਹਣੇ ਖੜੇ ਹੋਵੋਗੇ, ਨਾ ਕਿ ਸਿਰਫ਼ ਭਲਿਆਈ ਅਤੇ ਦਇਆ ਦੇ ਪਰਮੇਸ਼ੁਰ ਦੇ ਅੱਗੇ। ਅੱਜ ਰਾਤ ਉਹ ਤੁਹਾਡਾ ਬਚਾਉਣ ਵਾਲਾ ਹੈ; ਉਸ ਦਿਨ ਉਹ ਤੁਹਾਡਾ ਨਿਆਈ ਹੋਵੇਗਾ।

22 ਇਸ ਲਈ ਯਕੀਨੀ ਬਣਾਓ ਕਿ ਤੁਸੀਂ ਇੱਕ ਵੀ ਚੀਜ਼ ਨੂੰ ਅਧੂਰਾ ਨਾ ਛੱਡੋ, ਦੋਸਤ। ਇਹ—ਇਹ ਨਹੀਂ ਹੋਵੇਗਾ...ਇਹ ਭੁਗਤਾਨ ਨਹੀਂ ਕਰਦਾ। ਨਾ—ਇਸ ਤੇ ਸਿਰਫ਼ ਬੇਤਰਤੀਬੀ ਨਾਲ ਨਾ ਜਾਓ। ਯਕੀਨੀ ਬਣਾਓ, ਦੁੱਗਣਾ ਯਕੀਨੀ ਬਣਾਓ, ਕਿਉਂਕਿ ਤੁਹਾਨੂੰ ਕੋਈ ਹੋਰ ਮੌਕਾ ਨਹੀਂ ਮਿਲਦਾ। ਇਹ ਤੁਹਾਡਾ ਇੱਕੋ ਇੱਕ ਮੌਕਾ ਹੈ, ਜਦੋਂ ਤੁਸੀਂ ਇੱਥੇ ਧਰਤੀ ਤੇ ਹੋ। ਅਮੀਰ ਆਦਮੀ ਅਤੇ ਲਾਜ਼ਰ ਨੂੰ ਯਾਦ ਕਰੋ।

23 ਤੇਰੇ ਅਤੇ ਉਸ ਦੇ ਵਿਚਕਾਰ ਇੱਕ ਬਹੁਤ ਵੱਡੀ ਖਾਈ ਹੈ, ਜਿਸ ਨੂੰ ਨਾ ਕਦੇ ਕੋਈ ਪਾਰ ਕਰ ਸਕਿਆ ਹੈ, ਨਾ ਕਦੇ ਪਾਰ ਕਰੇਗਾ। ਸਮਝੇ? ਤੂਸੀ ਜਦੋਂ—ਜਦੋਂ ਤੁਸੀਂ ਮਰ ਜਾਂਦੇ ਹੋ, ਮਾਮਲਾ ਖਤਮ ਹੋ ਜਾਂਦਾ ਹੈ। ਮੈਂ ਜਾਣਦਾ ਹਾਂ

ਕਿ ਲੋਕ ਦਾਅਵਾ ਕਰਦੇ ਹਨ ਕਿ ਉਹ ਤੁਹਾਨੂੰ ਉਨ੍ਹਾਂ ਥਾਵਾਂ ਤੋਂ ਦੁਆਰਾਂ ਨਾਲ ਵਾਪਸ ਲਿਆ ਸਕਦੇ ਹਨ, ਪਰ ਇਸ ਤੇ ਕਦੇ ਵੀ ਵਿਸ਼ਵਾਸ ਨਾ ਕਰੋ। ਇਹ ਪਰਮੇਸ਼ੁਰ ਦੇ ਵਚਨ ਦੇ ਉਲਟ ਹੈ। ਸਮਝੇ? "ਜਿਸ ਪਾਸੇ ਰੁੱਖ ਦਾ ਝੁਕਾਅ ਹੁੰਦਾ ਹੈ, ਉਸੇ ਪਸਸਏ ਉਹ ਡਿੱਗਦਾ ਹੈ।" ਅਤੇ ਯਿਸੂ ਨੇ, ਆਪ ਹੀ ਕਿਹਾ ਸੀ, ਕਿ, "ਉੱਥੇ ਇੱਕ ਖਾਈ ਸੀ, ਕਿ, ਜਦੋਂ ਇੱਕ ਆਦਮੀ ਮਰ ਕੇ ਨਰਕ ਵਿੱਚ ਚਲਾ ਗਿਆ, ਉਹ (ਕਦੇ) ਸਵਰਗ ਵਿਚ ਨਹੀਂ ਆ ਸਕਦਾ ਸੀ। ਕਿਸੇ ਮਨੁੱਖ ਨੇ ਕਦੇ ਵੀ ਇਸ ਨੂੰ ਪਾਰ ਨਹੀਂ ਕੀਤਾ, ਅਤੇ ਕਦੇ ਨਹੀਂ ਕਰੇਗਾ।" ਜਿੱਥੋਂ ਤੱਕ ਮੇਰਾ ਸਵਾਲ ਹੈ, ਇਹ ਗੱਲ ਮੁਕ ਗਈ। ਜਦੋਂ ਯਿਸੂ ਨੇ ਕਿਹਾ ਕਿ ਇਹ ਸਬ ਕੁਝ ਹੈ, ਤਾਂ ਇਹੀ ਸਾਰੀ ਗੱਲ ਹੈ।

24 ਇਸ ਲਈ ਬਸ ਯਾਦ ਰੱਖੋ, ਹੁਣ ਤੁਹਾਡਾ ਮੌਕਾ ਹੈ, ਅਤੇ ਅੱਜ ਰਾਤ ਤੁਹਾਡਾ ਆਖਰੀ ਮੌਕਾ ਹੋ ਸਕਦਾ ਹੈ।

25 ਕੀ ਤੁਸੀਂ ਕਦੇ ਸਮਝ ਸਕਦੇ ਹੋ ਕਿ ਕੀ ਹੋ ਰਿਹਾ ਹੈ? ਜੇ ਤੁਸੀਂ ਇਸਨੂੰ ਸਿਰਫ ਵੇਖ ਸਕੋ! ਮੈਨੂੰ ਉਮੀਦ ਹੈ ਕਿ ਮੈਨੂੰ ਇਸ ਤਰ੍ਹਾਂ ਬੋਲਦਿਆਂ ਸੁਣ ਤੁਸੀਂ ਇਹ ਨਹੀਂ ਸੋਚੋਗੇ, ਕਿ ਮੈਂ ਤੁਹਾਡੇ ਉੱਤੇ ਪ੍ਰਭਾਵ ਪਾ ਰਿਹਾ ਹਾਂ ਕਿ ਤੁਸੀਂ ਕਿਸੇ ਮਨੁੱਖ ਵੱਲ ਵੇਖੋ। ਮੈਂ ਅਜਿਹਾ ਨਹੀਂ ਕਰ ਰਿਹਾ, ਦੋਸਤ। ਮੈਂ ਤੁਹਾਨੂੰ ਇਹ ਵਿਸ਼ਵਾਸ ਦਿਵਾਉਣ ਦੀ ਕੋਸ਼ਿਸ਼ ਕਰ ਰਿਹਾ ਹਾਂ ਕਿ ਇਹ ਕੌਣ ਹੈ ਜਿਸ ਦੀ ਮੌਜੂਦਗੀ ਵਿੱਚ ਅਸੀਂ ਹੁਣ ਹਾਂ। ਯਿਸੂ ਮਸੀਹ, ਉਹੀ ਪਰਮੇਸ਼ੁਰ ਜੋ ਉਸ ਦਿਨ ਤੁਹਾਡਾ ਨਿਆਂ ਕਰੇਗਾ, ਇੱਥੇ ਤੁਹਾਡੀ ਮੌਜੂਦਗੀ ਵਿੱਚ ਆਪਣੇ ਆਪ ਦੀ ਪਛਾਣ ਦੇ ਰਿਹਾ ਹੈ, ਉਹੀ ਚੀਜ਼ ਜਿਸਦਾ ਉਸਨੇ ਵਾਅਦਾ ਕੀਤਾ ਸੀ ਕਿ ਉਹ ਇਹਨਾਂ ਅੰਤਮ ਦਿਨਾਂ ਵਿੱਚ ਕਰੇਗਾ।

26 ਮੈਨੂੰ ਲੱਗਦਾ ਹੈ ਕਿ ਭਾਈ ਪ੍ਰਾਇਸ, ਅੱਜ ਸਵੇਰੇ ਨਾਸ਼ਤੇ ਤੇ, ਇੱਕ ਕੋਨੇ ਤੇ ਆਉਣ ਦੀ ਅਜਿਹੀ ਵਧੀਆ ਉਦਾਹਰਣ ਦਿੱਤੀ, ਫਿਰ ਕੋਨੇ ਨੂੰ ਮੋੜਨਾ ਪਏਗਾ। ਕੀ ਤੁਸੀਂ ਇਸਦਾ ਆਨੰਦ ਮਾਣਿਆ? [ਕਲੀਸਿਯਾ ਕਹਿੰਦੀ ਹੈ, "ਆਮੀਨ।"—ਸੰਪਾ.] ਯਕੀਨਨ ਮਾਣਿਆ। ਇਹ ਬਹੁਤ, ਬਹੁਤ ਹੀ ਚੰਗੀ ਤਰ੍ਹਾਂ ਰੱਖਿਆ ਗਿਆ ਸੀ।

27 ਹੁਣ, ਇਸ ਲਈ ਯਾਦ ਰੱਖੋ, ਕਦੇ-ਕਦੇ ਕੋਨੇ ਤੇ, ਪਰ ਆਓ ਯਾਦ ਰੱਖੀਏ ਕਿ ਸਾਨੂੰ ਇਨ੍ਹਾਂ ਕੋਨਿਆਂ ਨੂੰ ਮੋੜਨਾ ਪਏਗਾ। ਮੈਂ ਇੱਕ ਵਾਰ, ਇਸ ਤੇ ਪ੍ਰਚਾਰ ਕੀਤਾ, ਅਤੇ ਇਸਨੂੰ, ਚੌਕ ਕਿਹਾ ਸੀ। ਅਸੀਂ ਇੱਕ ਚੌਕ ਉੱਤੇ ਪਹੁੰਚਦੇ ਹਾਂ, ਇਸ ਲਈ ਅਕਸਰ, ਸਾਨੂੰ *ਇਸ* ਰਸਤੇ ਅਤੇ ਵੱਖ-ਵੱਖ ਰਸਤਿਆਂ ਤੇ ਜਾਣਾ ਪੈਂਦਾ ਹੈ।

28 ਹੁਣ ਅੱਜ ਰਾਤ, ਅਗਲੇ ਕੁਝ ਮਿੰਟਾਂ ਲਈ, ਮੈਂ ਇਹ—ਇਹ ਵਿਸ਼ਾ ਲੈਣਾ

ਚਾਹੁੰਦਾ ਹਾਂ: *ਚਿੰਨ੍ਹ ਦੀ ਆਵਾਜ਼।* ਅਤੇ ਹੁਣ ਸਾਡਾ ਦ੍ਰਿਸ਼, ਅੱਜ ਰਾਤ, ਕੂਚ ਦੀ ਕਿਤਾਬ ਵਿੱਚ ਖੁੱਲ੍ਹਦਾ ਹੈ, ਅਤੇ ਕੂਚ ਦਾ ਅਰਥ ਹੈ "ਬਾਹਰ ਆਉਣਾ; ਬਾਹਰ ਲਿਆਂਦਾ ਜਾਣਾ।" ਹੁਣ ਜਿੰਨਾ ਹੋ ਸਕੇ ਧਿਆਨ ਨਾਲ ਸੁਣਨ ਦੀ ਕੋਸ਼ਿਸ਼ ਕਰੋ।

29 ਮੈਂ ਤੁਹਾਨੂੰ ਕਿਸੇ ਸਮੇਂ ਪ੍ਰਚਾਰ ਕਰਨਾ ਚਾਹਾਂਗਾ, ਤੁਸੀਂ ਇੰਨੇ ਚੰਗੇ ਸਰੋਤੇ ਹੋ, ਪਰ ਮੇਰੇ ਕੋਲ ਆਵਾਜ਼ ਨਹੀਂ ਹੈ। ਇਸ ਤੇ ਥੋੜਾ ਜਿਹਾ ਦਬਾਅ, ਅਤੇ ਮੈਨੂੰ ਪਤਾ ਹੈ ਕਿ ਇਹ ਕੀ ਹੋਵੇਗਾ। ਹੁਣ ਮੈਨੂੰ ਲਗਭਗ ਅੱਠ ਜਾਂ ਦਸ ਦਿਨਾਂ ਲਈ, ਥੋੜ੍ਹਾ ਆਰਾਮ ਕਰਨਾ ਪਏਗਾ, ਇਸ ਤੋਂ ਪਹਿਲਾਂ ਕਿ ਮੈਂ ਅਗਲੀ ਸਭਾ ਦੀ ਸ਼ੁਰੂਆਤ ਕਰਾਂ। ਦੇਖੋ, ਇਹ ਸਿਰਫ਼ ਇੱਥੇ ਇੱਕ ਸਭਾ ਨਹੀਂ ਹੈ। ਇਹ ਦਿਨ-ਪ੍ਰਤੀ-ਦਿਨ, ਹਫ਼ਤੇ ਦਰ ਹਫ਼ਤੇ, ਮਹੀਨੇ ਦਰ ਮਹੀਨਾ, ਸਾਲ ਦਰ ਸਾਲ ਸਭਾਵਾਂ ਚੱਲ ਰਹੀਆਂ ਹਨ, ਦੇਖੋ, ਅਤੇ ਤੁਸੀਂ ਕਲਪਨਾ ਕਰ ਸਕਦੇ ਹੋ।

30 ਅਤੇ ਹਰ ਸਮੇਂ ਬਾਰੇ ਸੋਚੋ, ਸਾਲ ਦਰ ਸਾਲ, ਇੱਕ ਵਾਰ ਵੀ ਅਜਿਹਾ ਨਹੀਂ ਹੋਇਆ ਕਿ ਜੋ ਉਸ ਨੇ ਕਿਹਾ ਉਹ ਬਿਲਕੁਲ ਸੱਚਾਈ ਨਾ ਹੋਵੇ; ਸਾਰੀਆਂ ਭਾਸ਼ਾਵਾਂ ਵਿੱਚ, ਸਾਰੀ ਦੁਨੀਆਂ ਵਿੱਚ, ਸੱਤ ਵਾਰ। ਵੇਖਿਆ? ਕੋਈ ਵੀ ਆਦਮੀ, ਕਿਤੇ ਵੀ, ਇਹ ਨਹੀਂ ਕਹਿ ਸਕਦਾ ਪਰ ਇਹ ਬਿਲਕੁਲ ਹਰ ਸਮੇਂ, ਨਿਸ਼ਾਨੇ ਤੇ ਰਿਹਾ ਹੈ। ਜਦੋਂ ਉਹ ਕਹਿੰਦਾ ਹੈ ਕਿ ਕੁਝ ਵਾਪਰੇਗਾ, ਤਾਂ ਇਹ ਬਿਲਕੁਲ ਉਸੇ ਤਰ੍ਹਾਂ ਹੋਇਆ ਹੈ। ਇਸ ਨੂੰ ਹੋਣ ਤੋਂ ਹਫ਼ਤਿਆਂ ਅਤੇ ਮਹੀਨਿਆਂ, ਅਤੇ ਸਾਲਾਂ ਪਹਿਲਾਂ ਇਸ ਬਾਰੇ ਦੱਸਿਆ, ਅਤੇ ਇਹ ਹਮੇਸ਼ਾ ਸਹੀ ਹੁੰਦਾ ਹੈ। ਕਦੇ ਵੀ ਇੱਕ ਵਾਰ ਵੀ ਅਸਫਲ ਨਹੀਂ ਹੁੰਦਾ, ਅਤੇ ਇਹ ਕਦੇ ਨਹੀਂ ਹੋਵੇਗਾ, ਕਿਉਂਕਿ ਇਹ ਪਰਮੇਸ਼ੁਰ ਹੈ। ਹੁਣ, ਮੈਂ ਇੱਕ ਆਦਮੀ ਹੋਣ ਕਰਕੇ, ਅਸਫਲ ਹੋ ਸਕਦਾ ਹਾਂ। ਮੈਨੂੰ ਕਦੇ ਵੀ ਉਦਾਹਰਨ ਲਈ ਨਾ ਦੇਖੋ, ਕਿਉਂਕਿ ਮੈਂ—ਮੈਂ ਤੁਹਾਡੇ ਵਾਂਗ ਹੀ ਹਾਂ, ਕੇਵਲ ਇੱਕ ਪਾਪੀ ਜੋ ਕਿਰਪਾ ਰਾਹੀਂ ਬਚਾਇਆ ਗਿਆ ਹਾਂ। ਪਰ ਉਹ ਪਰਮੇਸ਼ਰ ਹੈ, ਜੋ ਅਲੌਕਿਕ ਹੈ, ਵੇਖੋ, ਆਪਣੇ ਆਪ ਦੀ ਪਛਾਣ ਕਰਵਾ ਰਿਹਾ ਹੈ। ਉਸਨੂੰ ਅਜਿਹਾ ਕਰਨ ਦੀ ਲੋੜ ਨਹੀਂ ਹੈ, ਪਰ ਉਸਨੇ ਵਾਅਦਾ ਕੀਤਾ ਸੀ ਕਿ ਉਹ ਇਹ ਕਰੇਗਾ।

31 ਯਿਸੂ ਨੇ ਚੰਗਾ ਕੀਤਾ ਤਾਂ ਜੋ ਉਹ ਵਚਨ ਨੂੰ ਪੂਰਾ ਕਰ ਸਕੇ। ਉਸਨੇ ਇਹ ਗੱਲਾਂ ਇਸ ਲਈ ਕੀਤੀਆਂ ਤਾਂ ਜੋ ਪਰਮੇਸ਼ੁਰ ਦਾ ਵਚਨ ਪੂਰਾ ਹੋਵੇ।

32 ਇਹੀ ਉਹ ਹੈ ਜਿਸ ਲਈ ਉਹ ਅੱਜ ਇਹ ਕਰ ਰਿਹਾ ਹੈ, ਤਾਂ ਜੋ ਵਚਨ ਪੂਰਾ ਹੋ ਸਕੇ, ਜਿਸ ਦਾ ਮੈਂ ਤੁਹਾਨੂੰ ਰਾਰ ਬਰ ਰਾਤ, ਹਵਾਲਾ ਦਿੱਤਾ ਹੈ।

33 ਹੁਣ ਧਿਆਨ ਦਿਓ ਜਦੋਂ ਉਸਦੀ ਮੌਜੂਦਗੀ ਨੇੜੇ ਹੈ, ਇਹ, ਯਕੀਨਨ, ਇਹ ਭਾਵਨਾ ਲਿਆਉਂਦਾ ਹੈ। ਜਿਵੇਂ ਮੈਂ ਅੱਜ ਸਵੇਰੇ ਬੋਲਿਆ, "ਭਾਵਨਾ ਤੋਂ ਬਿਨਾਂ ਕੋਈ ਵੀ ਚੀਜ਼ ਮਰੀ ਹੋਈ ਹੈ।" ਅਤੇ ਕੋਈ ਵੀ ਧਰਮ ਜਿਸ ਵਿੱਚ ਕੁਝ

ਭਾਵਨਾ ਨਹੀਂ ਹੈ, ਬਿਹਤਰ ਹੋਵੇਗਾ ਤੁਸੀਂ ਇਸ ਨੂੰ ਦਫਨਾ ਦਿਓ, ਇਹ ਮਰਿਆ ਹੋਇਆ ਹੈ। ਇਹ ਭਾਵਨਾ ਲਿਆਉਂਦਾ ਹੈ। ਉਹ ਸਾਨੂੰ ਉਤੇਜਿਤ ਕਰਦਾ ਹੈ। ਪਰ ਜਦੋਂ ਅਸੀਂ ਉਤੇਜਿਤ ਹੁੰਦੇ ਹਾਂ, ਆਓ ਯਾਦ ਕਰੀਏ ਕਿ ਸਾਨੂੰ ਕਿਸ ਚੀਜ਼ ਨੇ ਉਤੇਜਿਤ ਕੀਤਾ ਹੈ। ਇਸ ਨੇ ਕੀ ਕੀਤਾ? ਇਹ ਸਾਡੇ ਵਿਚਕਾਰ ਪਵਿੱਤਰ ਆਤਮਾ, ਯਿਸੂ ਮਸੀਹ ਦੀ ਮੌਜੂਦਗੀ ਹੈ, ਆਪਣੇ ਆਪ ਨੂੰ ਦਰਸਾਉਂਦਾ ਹੈ ਕਿ ਉਹ ਜਿੰਦਾ ਹੈ। ਇੱਕ ਸਰੀਰਿਕ ਦੇਹ ਨਹੀਂ; ਜਦੋਂ ਉਹ ਸਮਾਂ, ਉਹ ਸਰੀਰਿਕ ਦੇਹ ਸਵਰਗ ਤੋਂ ਵਾਪਸ ਆਵੇਗੀ, ਸਮਾਂ ਹੋਰ ਨਹੀਂ ਰਹੇਗਾ। ਇਹੀ ਸਭ ਕੁਝ ਹੈ। ਅਤੇ ਅਸੀਂ ਜਾਣਦੇ ਹਾਂ ਕਿ ਅਸੀਂ ਅੰਤ ਦੇ ਦਿਨਾਂ ਵਿੱਚ, ਰਹਿ ਰਹੇ ਹਾਂ, ਜਦੋਂ ਇਹ ਚੀਜ਼ਾਂ ਹੋਣੀਆਂ ਹਨ।

ਹੁਣ, ਪਰਮੇਸ਼ੁਰ ਨੇ ਪਹਿਲਾਂ ਕੂਚ ਕੀਤਾ ਹੈ। ਉੱਥੇ ਹੈ...

34 ਪਰਮੇਸ਼ੁਰ ਨਾਲ, ਸਭ ਕੁਝ ਇੱਕ ਤਿੰਨ ਵਿੱਚ ਹੁੰਦਾ ਹੈ। ਪਰਮੇਸ਼ੁਰ ਤਿੰਨਾਂ ਵਿੱਚ ਸੰਪੂਰਨ ਹੁੰਦਾ ਹੈ। ਮਸੀਹ ਦੀ ਪਹਿਲੀ ਆਮਦ, ਉਸਦੀ ਲਾੜੀ ਨੂੰ *ਛੁਡਾਉਣ* ਲਈ; ਮਸੀਹ ਦੀ ਦੂਜੀ ਆਮਦ, ਉਸਦੀ ਲਾੜੀ ਨੂੰ *ਪ੍ਰਾਪਤ* ਕਰਨ ਲਈ; ਮਸੀਹ ਦੀ ਤੀਜੀ ਆਮਦ, ਉਸਦੀ ਲਾੜੀ ਦੇ *ਨਾਲ*, ਹਜ਼ਾਰ ਸਾਲ ਵਿੱਚ ਰਾਜ ਕਰਨ ਲਈ। ਸਭ ਕੁਝ ਤਿੰਨ ਵਿੱਚ ਚੱਲਦਾ ਹੈ।

35 ਹੁਣ, ਉੱਥੇ ਸਨ, ਉੱਥੇ ਹੋਣਗੇ, ਤਿੰਨ ਕੂਚ। ਉਨ੍ਹਾਂ ਵਿੱਚੋਂ ਇੱਕ, ਪਰਮੇਸ਼ੁਰ ਉਨ੍ਹਾਂ ਨੂੰ ਕਿਸ਼ਤੀ *ਵਿੱਚ* ਲਿਆਂਦਾ, ਇੱਕ ਕੂਚ ਲਈ, ਧਰਤੀ ਉੱਤੇ ਇੱਕ ਸਵਾਰੀ ਲਈ। ਅਗਲੀ ਵਾਰ, ਪਰਮੇਸ਼ੁਰ ਨੇ ਉਨ੍ਹਾਂ ਨੂੰ ਮਿਸਰ *ਵਿੱਚੋਂ*—ਵਿੱਚੋਂ ਕੱਢਿਆ। ਅਤੇ ਅਗਲੀ ਵਾਰ, ਪਰਮੇਸ਼ੁਰ ਉਨ੍ਹਾਂ ਨੂੰ *ਉੱਪਰ* ਲੈ ਜਾਂਦਾ ਹੈ। ਅੰਦਰ, ਬਾਹਰ, ਉੱਪਰ! ਅਗਲਾ ਕੂਚ ਉੱਪਰ ਵੱਲ ਜਾ ਰਿਹਾ ਹੈ। ਅਸੀਂ ਹੁਣ ਇੱਕ ਦਾ ਸਾਹਮਣਾ ਕਰ ਰਹੇ ਹਾਂ, ਉੱਪਰ-ਜਾਣ ਵਾਲੇ ਸਮੇਂ ਦਾ।

36 ਉਸੇ ਤਰ੍ਹਾਂ ਜਿਵੇਂ ਜੀਵਨ ਕੰਮ ਕਰਦਾ ਹੈ। ਅਸੀਂ ਜ਼ਿੰਦਗੀ *ਵਿੱਚ* ਆਉਂਦੇ ਹਾਂ, ਅਸੀਂ ਜ਼ਿੰਦਗੀ *ਵਿੱਚੋਂ* ਨਿਕਲ ਜਾਂਦੇ ਹਾਂ, ਜ਼ਿੰਦਗੀ ਨੂੰ *ਉੱਚਾ* ਚੁੱਕਦੇ ਹਾਂ, ਬੱਸ ਇਹੀ ਗੱਲ ਹੈ। ਇਸ ਲਈ ਅਸੀਂ ਹਾਂ...

37 ਅੱਜ ਰਾਤ ਸਾਡਾ ਦ੍ਰਿਸ਼ ਕੂਚ ਤੇ ਖੁੱਲ੍ਹਦਾ ਹੈ, ਅਤੇ ਪਰਮੇਸ਼ੁਰ ਆਪਣੀ ਕੌਮ ਨੂੰ ਲੈਣ ਦੀ ਤਿਆਰੀ ਕਰ ਰਿਹਾ ਸੀ।

38 ਇਜ਼ਰਾਈਲ ਇੱਕ ਕੌਮ ਹੈ। ਪਰਮੇਸ਼ੁਰ ਇਸਰਾਏਲ ਨਾਲ ਵਿਅਕਤੀਗਤ ਤੌਰ ਤੇ ਪੇਸ਼ ਨਹੀਂ ਆਉਂਦਾ। ਇਜ਼ਰਾਈਲ ਇੱਕ ਕੌਮ ਹੈ, ਹਮੇਸ਼ਾ ਉਹਨਾਂ ਨਾਲ ਨਜਿੱਠਿਆ ਜਾਂਦਾ ਹੈ। ਅਤੇ ਪਿਛਲੇ ਦਿਨਾਂ ਵਿੱਚ, ਕਲੀਸੀਆ ਦੇ ਜਾਣ ਤੋਂ ਬਾਅਦ, ਤਦ ਪਰਮੇਸ਼ੁਰ ਇਸਰਾਏਲ ਨੂੰ ਇੱਕ ਕੌਮ ਦੇ ਰੂਪ ਵਿੱਚ ਬਚਾਏਗਾ। ਹੁਣ ਇਹ ਆਪਣੇ ਦੇਸ਼ ਵਿੱਚ, ਇਸ ਲਈ ਤਿਆਰ ਹੈ। ਅਤੇ ਉਹ ਬਚਾਏ

ਜਾਣਗੇ, ਬਾਈਬਲ ਨੇ ਕਿਹਾ, "ਇਕ ਕੌਮ ਇਕ ਦਿਨ ਵਿੱਚ ਪੈਦਾ ਹੋਵੇਗੀ।" ਪਰਮੇਸ਼ੁਰ ਯਹੂਦੀਆਂ ਨਾਲ ਇੱਕ ਵਿਅਕਤੀ ਵਾਂਗ ਪੇਸ਼ ਨਹੀਂ ਆਉਂਦਾ। ਉਹ ਉਨ੍ਹਾਂ ਨਾਲ, ਇਜ਼ਰਾਈਲ ਨਾਲ ਇੱਕ ਕੌਮ ਵਾਂਗ ਪੇਸ਼ ਆਉਂਦਾ ਹੈ, ਹਮੇਸ਼ਾ, ਕਿਉਂਕਿ ਇਹ ਉਸਦੀ ਕੌਮ ਹੈ।

39 ਅਤੇ ਇੱਥੇ ਉਹ ਆਪਣੀ ਕੌਮ ਨੂੰ ਇੱਕ ਕੌਮ ਵਿੱਚੋਂ ਬਾਹਰ ਲਿਆਉਣ ਦੀ ਤਿਆਰੀ ਕਰ ਰਿਹਾ ਹੈ, ਇੱਕ ਕੂਚ ਵਿੱਚ, ਆਪਣੇ ਲੋਕਾਂ ਨੂੰ ਇੱਕ ਨਿਆਂ ਤੋਂ ਲਿਆਉਣ ਲਈ।

40 ਅਤੇ ਉਹੀ ਪਾਣੀ ਜਿਸਨੇ ਸੰਸਾਰ ਨੂੰ ਡੁਬੋ ਦਿੱਤਾ, ਉਸੇ ਨੇ ਨੂਹ ਨੂੰ ਬਚਾਇਆ। ਵੇਖਿਆ? ਅਤੇ ਉਹ ਹੀ ਪਵਿੱਤਰ ਆਤਮਾ, ਜਿਸਨੂੰ ਲੋਕ ਅੱਜ ਰੱਦ ਰਹੇ ਹਨ, ਕਲੀਸੀਆ ਨੂੰ ਲੈ ਲਵੇਗਾ ਅਤੇ ਇਸਨੂੰ ਉੱਪਰ ਲੈ ਜਾਵੇਗਾ, ਅਤੇ ਇਸ ਵਿੱਚ ਵਿਸ਼ਵਾਸ ਨਾ ਕਰਨ ਵਾਲਿਆਂ ਤੇ ਨਿਆਂ ਲਿਆਏਗਾ।

41 ਯਿਸੂ ਨੇ ਕਿਹਾ, ਜਦੋਂ ਉਨ੍ਹਾਂ ਨੇ ਉਸਨੂੰ "ਬਾਲਜਬੂਬ" ਕਿਹਾ, ਦੂਜੇ ਸ਼ਬਦਾਂ ਵਿਚ, ਉਹ "ਇੱਕ ਭਵਿੱਖ ਦੱਸਣ ਵਾਲਾ" ਸੀ, ਉਨ੍ਹਾਂ…ਉਸ ਨੇ ਕਿਹਾ, "ਮੈਂ ਤੁਹਾਨੂੰ ਇਸ ਲਈ ਮਾਫ਼ ਕਰ ਦਿਆਂਗਾ," (ਮਨੁੱਖ ਦਾ ਪੁੱਤਰ, ਬਲੀਦਾਨ ਨਹੀਂ ਕੀਤਾ ਗਿਆ ਸੀ।) "ਪਰ ਜਦੋਂ ਪਵਿੱਤਰ ਆਤਮਾ ਉਹੀ ਕੰਮ ਕਰਨ ਲਈ ਆਵੇਗਾ, ਇਸ ਦੇ ਖਿਲਾਫ ਇੱਕ ਸ਼ਬਦ ਵੀ ਕਦੇ ਵੀ ਮਾਫ਼ ਨਹੀਂ ਕੀਤਾ ਜਾਵੇਗਾ ਨਾ ਇਸ ਸੰਸਾਰ ਵਿੱਚ ਅਤੇ ਨਾ ਹੀ ਆਉਣ ਵਾਲੇ ਸੰਸਾਰ ਵਿੱਚ।"

42 ਇਸ ਨੂੰ ਰੱਦ ਕੀਤਾ ਜਾਣਾ ਹੈ, ਅਤੇ ਫਿਰ ਉਸ ਤੋਂ ਬਾਅਦ ਨਿਆਂ ਆਉਂਦਾ ਹੈ। ਦੇਖੋ, ਮੁਸੀਬਤ ਇਹ ਹੈ ਕਿ ਅਸੀਂ…

43 ਇਹ ਮੈਨੂੰ ਇੱਕ ਵਾਰ ਪੜ੍ਹੀ ਕਹਾਣੀ ਦੀ ਯਾਦ ਦਿਲਾਉਂਦਾ ਹੈ, ਇੱਕ ਬੁੱਢੇ ਮੱਲਾਹ ਦੀ ਜੋ ਸਮੁੰਦਰ ਤੋਂ ਵਾਪਸ ਆ ਰਿਹਾ ਸੀ, ਅਤੇ ਇੱਕ—ਇੱਕ ਜਵਾਨ ਅੰਗਰੇਜ਼ ਕਵੀ ਸਮੁੰਦਰ ਵੱਲ ਜਾ ਰਿਹਾ ਸੀ। ਅਤੇ ਇਸ ਤਰ੍ਹਾਂ ਕਵੀ ਨੇ ਸਮੁੰਦਰ ਬਾਰੇ ਬਹੁਤ ਕੁਝ ਲਿਖਿਆ ਸੀ, ਪਰ ਉਸਨੇ ਕਦੇ ਵੇਖਿਆ ਨਹੀਂ ਸੀ, ਇਸ ਲਈ ਉਹ ਹੇਠਾਂ ਜਾ ਰਿਹਾ ਸੀ। ਅਤੇ ਬੁੱਢੇ ਮੱਲਾਹ ਨੇ ਆਪਣੇ ਮੂੰਹ ਵਿੱਚ ਛੋਟੀ ਜਿਹੀ ਸਿਗਾਰ ਦੱਬ ਕੇ, ਕਿਹਾ, "ਤੂੰ ਕਿੱਥੇ ਜਾ ਰਿਹਾ ਹੈਂ, ਭਲੇ ਆਦਮੀ?"

44 ਉਸ ਨੇ ਕਿਹਾ, "ਮੈਂ ਸਮੁੰਦਰ ਵੱਲ ਜਾ ਰਿਹਾ ਹਾਂ।" ਉਸ ਨੇ ਕਿਹਾ, "ਮੈਂ ਕਦੇ ਇਸਨੂੰ ਵੇਖਿਆ ਨਹੀਂ। ਮੈਂ ਇਸ ਬਾਰੇ ਲਿਖਿਆ ਹੈ, ਅਤੇ ਦੂਜਿਆਂ ਨੇ ਜੋ ਕਿਹਾ ਹੈ, ਪਰ," ਉਸ ਨੇ ਕਿਹਾ, "ਔਹ, ਮੈਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋ ਰਹੀ ਹੈ ਕਿ ਮੈਂ ਸਮੁੰਦਰ ਦੇ ਨੇੜੇ ਆ ਰਿਹਾ ਹਾਂ।" ਉਸ ਨੇ ਕਿਹਾ, "ਔਹ, ਇਸ ਦੀਆਂ ਨਮਕੀਨ ਲਹਿਰਾਂ ਦੀ ਖੁਸ਼ਬੂ ਸੁੰਘ ਕੇ! ਉਸ ਦੇ ਚੋਟੀਆਂ ਤੇ ਵੱਡੀਆਂ, ਚਿੱਟੀਆਂ ਲਹਿਰਾਂ ਨੂੰ ਟੁੱਟਦੇ ਹੋਏ ਦੇਖਣ ਲਈ, ਅਤੇ ਨੀਲੇ ਆਕਾਸ਼

ਨੂੰ ਆਪਣਾ ਪਰਛਾਂਵਾਂ ਪਾਉਂਦੇ ਹੋਏ ਦੇਖਣ ਲਈ, ਅਤੇ ਚੀਲਾਂ ਨੂੰ ਸੁਣਨ ਲਈ ਜਦੋਂ ਉਹ ਉਪਰੋਂ ਉੱਡ ਰਹੀਆਂ ਹੁੰਦੀਆਂ ਹਨ, ਔਹ, ਇਸਨੂੰ ਵੇਖਣ ਦੇ ਖ਼ਿਆਲ ਨਾਲ ਹੀ ਮੈਂ ਰੋਮਾਂਚਿਤ ਹੋ ਗਿਆ ਹਾਂ!"

45 ਬੁੱਢੇ ਮਲਾਹ ਨੇ ਕਿਹਾ, "ਮੈਂ ਇਸ ਤੇ ਪੈਦਾ ਹੋਇਆ ਸੀ, ਸੱਠ ਸਾਲ ਪਹਿਲਾਂ, ਮੈਨੂੰ ਇਸ ਬਾਰੇ ਕੁਝ ਸੁੰਦਰ ਕੁਝ ਨਹੀਂ ਦਿਖਾਈ ਦਿੰਦਾ।" ਦੇਖੋ, ਉਸਨੇ ਇਸਨੂੰ ਇਨਾ ਵੇਖਿਆ ਕਿ ਇਹ ਉਸਦੇ ਲਈ ਆਮ ਹੋ ਗਿਆ ਸੀ।

46 ਹੁਣ ਅਜਜ ਪੈਂਟੀਕੋਸਟਲ ਕਲੀਸਿਯਾ ਨਾਲ ਇਹੀ ਸਮੱਸਿਆ ਹੈ। ਇਹ ਪਰਮੇਸ਼ੁਰ ਨੂੰ ਇਨਾ ਦੇਖ ਚੁੱਕੇ ਹਨ ਕਿ ਪਰਮੇਸ਼ੁਰ ਉਨ੍ਹਾਂ ਲਈ ਆਮ ਹੋ ਗਿਆ ਹੈ। ਕਦੇ ਵੀ ਇਸਨੂੰ ਇਸ ਤਰ੍ਹਾਂ ਨਾ ਹੋਣ ਦਿਓ!

47 ਇੱਥੇ ਕੁਝ ਸਮਾਂ ਪਹਿਲਾਂ, ਲੂਇਸਵਿਲ, ਕੈਂਟਕੀ ਵਿੱਚ। ਜਿੱਥੋਂ ਮੈਂ ਆਇਆ ਹਾਂ, ਜੇਫਰਸਨਵਿਲ, ਇੰਡੀਆਨਾ, ਇਹ ਇਸ ਤੋਂ ਨਦੀ ਦੇ ਪਾਰ ਹੈ। ਇੱਕ ਔਰਤ ਦਸ-ਸੈਂਟ ਸਟੋਰ ਵਿੱਚ ਘੁੰਮ ਰਹੀ ਸੀ। ਅਤੇ ਉਹ ਸੀ…ਉਸ ਦੀ ਬਾਂਹ ਉੱਤੇ ਇਕ ਛੋਟਾ ਬੱਚਾ ਸੀ, ਅਤੇ ਉਹ ਕਾਊਂਟਰਾਂ ਤੇ ਜਾ ਰਹੀ ਸੀ ਅਤੇ ਬੇਚੈਨ ਹੋ ਰਹੀ ਸੀ। ਉਹ ਕੁਝ ਚੁੱਕਦੀ, ਛੋਟੇ ਮੁੰਡੇ ਨੂੰ ਦਿਖਾਉਂਦੀ; ਉਹ ਸਿਰਫ਼ ਬੈਠ ਕੇ ਵੇਖਦਾ ਰਿਹਾ। ਉਹ ਕਿਸੇ ਹੋਰ ਕਾਊਂਟਰ ਤੇ ਜਾ ਕੇ, ਕੁਝ ਚੁੱਕ ਕੇ ਛੋਟੇ ਮੁੰਡੇ ਨੂੰ ਦਿਖਾਉਂਦੀ; ਉਹ ਬਸ ਵੇਖਦਾ ਰਿਹਾ। ਅਤੇ ਥੋੜੀ ਦੇਰ ਬਾਅਦ, ਉਸਨੇ ਇੱਕ ਛੋਟੀ ਘੰਟੀ ਚੁੱਕੀ ਅਤੇ ਇਸਨੂੰ ਵਜਾਉਣਾ ਸ਼ੁਰੂ ਕਰ ਦਿੱਤਾ, ਅਤੇ ਛੋਟਾ ਲੜਕਾ ਸਿਰਫ਼ ਦੇਖਦਾ ਰਿਹਾ। ਅਤੇ ਉਸ ਨੇ ਚੀਕਣਾ ਸ਼ੁਰੂ ਕੀਤਾ ਅਤੇ ਆਪਣੇ ਹੱਥ ਉੱਪਰ ਖੜ੍ਹੇ ਕਰ ਦਿੱਤੇ। ਅਤੇ ਦਸ-ਸੈਂਟ ਸਟੋਰ ਵਿੱਚ ਲੋਕ ਉਸ ਨੂੰ ਦੇਖ ਰਹੇ ਸਨ, ਇਸ ਲਈ ਉਹ ਇਹ ਪਤਾ ਕਰਨ ਲਈ ਉਸ ਕੋਲ ਗਏ ਕਿ ਕੀ ਗੜਬੜ ਹੈ।

48 ਉਸ ਨੇ ਕਿਹਾ, "ਮੈਂ…ਮੇਰਾ ਛੋਟਾ ਮੁੰਡਾ," ਕਿਹਾ, "ਉਹ ਸਿਰਫ਼ ਤਿੰਨ ਸਾਲਾਂ ਦਾ ਹੈ।" ਅਤੇ ਕਿਹਾ, "ਮੈਂ…ਇੱਕ ਵਾਰ, ਲਗਭਗ ਇੱਕ ਸਾਲ ਪਹਿਲਾਂ, ਉਹ ਬਸ ਬੈਠਾ ਰਹਿੰਦਾ ਸੀ ਅਤੇ ਖਾਲੀ ਥਾਂ ਵੱਲ ਤੱਕਦਾ ਰਹਿੰਦਾ ਸੀ।" ਅਤੇ ਕਿਹਾ, "ਮੈਂ—ਮੈਂ ਉਸਨੂੰ ਡਾਕਟਰ ਕੋਲ ਲੈ ਗਈ," ਅਤੇ ਕਿਹਾ, "ਅਤੇ ਡਾਕਟਰ ਨੇ ਕੁਝ ਇਲਾਜ ਅਤੇ ਚੀਜ਼ਾਂ ਦੱਸੀਆਂ।" ਅਤੇ ਕਿਹਾ, "ਅਤੇ ਡਾਕਟਰ ਨੇ ਮੈਨੂੰ ਦੱਸਿਆ, ਅੱਜ, ਉਸਨੇ ਸੋਚਿਆ ਕਿ ਉਹ ਬਿਹਤਰ ਸੀ। ਪਰ," ਕਿਹਾ, "ਉਹ ਬਿਹਤਰ ਨਹੀਂ ਹੈ।" ਕਿਹਾ, "ਮੈਂ ਉਸਦੇ ਸਾਹਮਣੇ ਸਭ ਕੁਝ ਹਿਲਾ ਕੇ ਵਿਖਾਇਆ, ਜਿਸ ਨੂੰ ਉਸਦੀ ਉਮਰ ਦੇ ਇੱਕ ਛੋਟੇ ਜਿਹੇ ਲੜਕੇ ਦਾ, ਧਿਆਨ ਖਿੱਚਣਾ ਚਾਹੀਦਾ ਹੈ। ਹਰ ਚੀਜ਼ ਜੋ ਉਸਦੀ ਉਮਰ ਦੇ ਇੱਕ ਛੋਟੇ ਬੱਚੇ ਨੂੰ ਆਕਰਸ਼ਿਤ ਕਰੇਗੀ, ਮੈਂ ਇਸਨੂੰ ਉਸਦੇ ਸਾਹਮਣੇ ਹਿਲਾਇਆ, ਅਤੇ

ਉਹ ਬਸ ਬੈਠਾ ਰਹਿੰਦਾ ਹੈ ਅਤੇ ਖਾਲੀ ਥਾਂ ਨੂੰ ਵੇਖਦਾ ਰਹਿੰਦਾ ਹੈ।" ਕਿਹਾ, "ਉਹ ਕੋਈ ਬਿਹਤਰ ਨਹੀਂ ਹੈ।"

49 ਇਹ ਕੁਝ ਅਜਿਹਾ ਹੈ ਜੋ ਪੰਤੇਕੋਸਟਲ ਕਲੀਸਿਯਾ ਵਾਂਗ ਹੈ। ਪਰਮੇਸ਼ੁਰ ਨੇ ਬਾਈਬਲ ਵਿਚਲਾ ਹਰੇਕ ਦਾਨ, ਉਹਨਾਂ ਦੇ ਅੱਗੇ ਹਿਲਾ ਕੇ ਦੱਸ ਦਿੱਤਾ ਹੈ, ਅਤੇ ਉਹ ਫਿਰ ਵੀ ਬੈਠ ਕੇ ਖਾਲੀ ਥਾਂ ਨੂੰ ਵੇਖਦੇ ਰਹਿੰਦੇ ਹਨ, ਜਿਵੇਂ ਕਿ ਇਹ ਕੁਝ ਗਲਤ ਸੀ। ਸਮਾਂ ਆ ਗਿਆ ਹੈ ਜਦੋਂ ਸਾਨੂੰ ਜਾਗ ਜਾਣਾ ਚਾਹੀਦਾ ਹੈ, ਦੋਸਤੋ, ਇਸ ਤੋਂ ਪਹਿਲਾਂ ਕਿ ਬਹੁਤ ਦੇਰ ਹੋ ਜਾਵੇ। ਯਾਦ ਰੱਖੋ, ਪਰਮੇਸ਼ੁਰ ਉਨ੍ਹਾਂ ਦਾਨਾਂ ਨੂੰ ਉਦੋਂ ਤੱਕ ਨਹੀਂ ਹਿਲਾਉਂਦਾ ਜਦੋਂ ਤੱਕ ਉਹ ਤੁਹਾਡਾ ਧਿਆਨ ਖਿੱਚਣ ਦੀ ਕੋਸ਼ਿਸ਼ ਨਹੀਂ ਕਰਦਾ।

ਪਰਮੇਸ਼ੁਰ ਇੱਕ ਕੌਮ ਵਿੱਚੋਂ ਇੱਕ ਕੌਮ ਨੂੰ ਕੱਢ ਰਿਹਾ ਸੀ।

50 ਬਿਲਕੁਲ ਜਿਵੇਂ ਉਹ ਹੁਣ ਕਰ ਰਿਹਾ ਹੈ, ਕਲੀਸਿਯਾ ਵਿੱਚੋਂ ਇੱਕ ਦੁਲਹਨ ਨੂੰ ਬਾਹਰ ਲਿਆ ਰਿਹਾ ਹੈ, ਅਤੇ ਔਰਤ ਦੀ ਬਚੀ ਹੋਈ ਸੰਤਾਨ ਨੂੰ ਛੱਡ ਰਿਹਾ ਹੈ। ਚੁਣੇ ਹੋਏ ਲੋਕਾਂ ਨੂੰ ਕਲੀਸੀਆ ਵਿੱਚੋਂ ਬਾਹਰ ਲਿਆਂਦਾ ਜਾਵੇਗਾ। ਸਰੀਰਕ ਕਲੀਸਿਯਾ ਇੱਥੇ ਕਸ਼ਟਕਾਲ ਵਿੱਚੋਂ ਜਾਏਗੀ। ਉਹ ਚੁਣੇ ਹੋਏ ਕਈ ਵਾਰ "ਚੁਣੇ ਹੋਏ, ਚੁਣੇ ਗਏ, ਬਚੇ ਹੋਏ" ਕਹੇ ਜਾਂਦੇ ਹਨ।

51 ਆਓ ਦੇਖੀਏ ਕਿ ਉਸਨੇ ਫਿਰ ਇਹ ਕਿਵੇਂ ਕੀਤਾ, ਕਿਉਂਕਿ ਉਹ ਕਦੇ ਵੀ ਆਪਣੇ ਕੰਮ ਕਰਨ ਦੇ ਤਰੀਕੇ ਨੂੰ ਨਹੀਂ ਬਦਲਦਾ। ਪਰਮੇਸ਼ੁਰ ਕੋਲ ਕੰਮ ਕਰਨ ਦਾ ਇੱਕ ਹੀ ਤਰੀਕਾ ਹੈ, ਅਤੇ ਇਹ ਉਹ ਤਰੀਕਾ ਹੈ ਜਿਸ ਤਰ੍ਹਾਂ ਉਹ ਕਰਦਾ ਹੈ, ਅਤੇ ਇਹ ਹਮੇਸ਼ਾ ਸਹੀ ਤਰੀਕਾ ਹੈ। ਦੇਖੋ ਕਿ ਉਸਨੇ ਇਹ ਕਿਵੇਂ ਕੀਤਾ, ਅਤੇ ਜਿਸ ਤਰੀਕੇ ਨਾਲ ਉਸਨੇ ਇਸਨੂੰ ਕੀਤਾ, ਅਤੇ ਫਿਰ ਅਸੀਂ ਇਸਦੀ ਇੱਕ ਝਲਕ ਪ੍ਰਾਪਤ ਕਰ ਸਕਦੇ ਹਾਂ।

52 ਹੁਣ, ਮੈਂ ਇੱਕ ਟਾਈਪੋਲੋਜਿਸਟ ਹਾਂ, ਯਕੀਨਨ। ਮੇਰੇ ਕੋਲ ਕੋਈ ਸਿੱਖਿਆ ਨਹੀਂ ਹੈ। ਮੈਨੂੰ ਪਿੱਛੇ ਮੁੜ ਕੇ ਦੇਖਣਾ ਪੈਂਦਾ ਹੈ ਅਤੇ ਵੇਖਣਾ ਪੈਂਦਾ ਹੈ ਕਿ ਉਸਨੇ ਕੀ ਕੀਤਾ ਸੀ। ਅਤੇ ਸਾਨੂੰ ਸਿਖਾਇਆ ਗਿਆ ਹੈ ਕਿ, "ਪੁਰਾਣਾ ਨੇਮ ਉਨ੍ਹਾਂ ਚੀਜ਼ਾਂ ਦਾ ਪਰਛਾਵਾਂ ਸੀ ਜੋ ਆਉਣ ਵਾਲੀਆਂ ਹਨ।" ਇਸ ਲਈ ਜੇ ਮੈਂ ਇੱਥੇ ਵੇਖਦਾ ਅਤੇ ਕਦੇ ਆਪਣਾ ਹੱਥ ਨਹੀਂ ਵੇਖਿਆ ਹੁੰਦਾ, ਅਤੇ ਮੈਂ ਆਪਣੇ ਹੱਥ ਦਾ ਪਰਛਾਵਾਂ ਵੇਖਦਾ, ਅਤੇ ਮੇਰੇ ਕੋਲ ਪੰਜ ਉਂਗਲਾਂ ਹਨ, ਮੈਨੂੰ ਇਹ ਚੰਗੀ ਤਰ੍ਹਾਂ ਪਤਾ ਹੁੰਦਾ ਕਿ ਜਦੋਂ ਮੇਰਾ ਹੱਥ ਉੱਥੇ ਪਹੁੰਚਦਾ, ਤਾਂ ਮੇਰੇ ਕੋਲ ਪੰਜ ਉਂਗਲਾਂ ਹੁੰਦੀਆਂ। ਇਸ ਲਈ ਉਨ੍ਹਾਂ ਨਾਲ ਜੋ ਹੋਇਆ ਉਹ ਇਸ ਦੀਆਂ ਉਦਾਹਰਣਾਂ ਸਨ ਕਿ ਪਰਮੇਸ਼ੁਰ ਕਿਵੇਂ ਕੰਮ ਕਰਦਾ ਹੈ, ਜਿਸ ਤਰ੍ਹਾਂ ਉਹ ਹੁਣ ਕਰਦਾ ਹੈ।

53 ਅਤੇ ਜਿਸ ਤਰ੍ਹਾਂ ਉਹ ਇਹ ਕਰਦਾ ਹੈ, ਉਹ ਉਸ ਤੋਂ ਕਦੇ ਨਹੀਂ ਬਦਲਦਾ।

ਹਰ ਵਾਰ, ਬਾਈਬਲ ਵਿੱਚ, ਉਹ ਕਦੇ ਵੀ ਆਪਣੇ ਕੰਮ ਕਰਨ ਦੇ ਤਰੀਕੇ ਨੂੰ ਨਹੀਂ ਬਦਲਦਾ। ਲਗਤਾਰ ਉਸੇ ਤਰ੍ਹ, ਕਿਉਂਕਿ ਉਸ ਦਾ ਇਹ ਕਰਨ ਦਾ ਪਹਿਲਾ ਤਰੀਕਾ ਸੰਪੂਰਨ ਤਰੀਕਾ ਹੈ। ਕਿਉਂਕਿ, ਉਸ ਕੋਲ ਕੋਈ ਹੋਰ ਤਰੀਕਾ ਨਹੀਂ ਸੀ, ਕਿਉਂਕਿ ਉਹ ਸੰਪੂਰਨ ਹੈ, ਅਤੇ, ਉਹ, ਉਸਦੇ ਸਾਰੇ ਤਰੀਕੇ ਸੰਪੂਰਨ ਹਨ। ਦੇਖੋ ਕਿ ਉਸਨੇ ਇਹ ਕਿਵੇਂ ਕੀਤਾ।

54 ਮੂਸਾ ਨੂੰ ਬੁਲਾਇਆ ਗਿਆ ਸੀ ਅਤੇ ਇਸ ਕੰਮ ਨੂੰ ਲੈਣ ਲਈ ਪਹਿਲਾਂ ਤੋਂ ਹੀ ਨਿਯੁਕਤ ਕੀਤਾ ਗਿਆ ਸੀ ਜੋ, ਉਸ—ਉਸ ਨੇ ਲਿਆ ਸੀ। ਪਰਮੇਸ਼ੁਰ…

55 ਹੁਣ, ਮੇਰਾ ਖਿਆਲ ਹੈ, ਜੇ ਤੁਸੀਂ ਇਸਨੂੰ ਮਾਫ਼ ਕਰੋ…ਅਤੇ ਮੈਂ ਇਹ ਗੱਲ ਜਲਦਬਾਜ਼ੀ ਵਿੱਚ ਨਹੀਂ ਕਹਿ ਰਿਹਾ। ਮੈਂ ਸਿਰਫ ਕਹਿੰਦਾ ਹਾਂ, ਇਸ ਮੰਚ ਤੋਂ, ਮੈਂ—ਮੈਂ ਕੁਝ ਨਹੀਂ ਜਾਣਦਾ ਅਤੇ ਪਰਮੇਸ਼ੁਰ ਤੋਂ ਬਿਨਾਂ ਹੋਰ ਕੁਝ ਨਹੀਂ ਜਾਣਨਾ ਚਾਹੁੰਦਾ। ਹੁਣ, ਮੇਰਾ ਖ਼ਿਆਲ ਹੈ ਕਿ ਇਹੀ ਉਹ ਥਾਂ ਹੈ ਜਿੱਥੇ ਸਾਡੇ ਪਿਛਲੀ ਵਰਖਾ ਵਾਲੇ ਭਾਈ ਗਲਤਫ਼ਹਮੀ ਵਿੱਚ ਪੈ ਗਏ, ਵੇਖੋ, ਉਹ ਇੱਕ ਦੂਜੇ ਉੱਤੇ ਹੱਥ ਰੱਖਦੇ ਹਨ ਅਤੇ ਉਨ੍ਹਾਂ ਨੂੰ ਨਬੀ ਆਦਿ ਬਣਾਉਂਦੇ ਹਨ। ਹੁਣ, ਇਹ ਵਚਨ ਅਨੁਸਾਰ ਨਹੀਂ ਹੈ। "ਦਾਨ ਅਤੇ ਬੁਲਾਹਟ ਤੋਬਾ ਤੋਂ ਬਗੈਰ ਮਿਲਦੇ ਹਨ।" ਤੁਸੀਂ ਜਿਹੋ ਜਿਹੇ ਵੀ ਹੋ, ਉਹੀ ਬਣ ਕੇ ਜਨਮ ਲੈਂਦੇ ਹੋ। ਤੁਸੀਂ, ਆਦਿ ਵਿੱਚ, ਜੋ ਤੁਸੀਂ ਹੋ।

56 ਉਨ੍ਹਾਂ ਬੀਤ ਗਏ ਦਿਨਾਂ ਵਿੱਚ ਫ਼ਰੀਸੀਆਂ ਨੂੰ ਵੇਖੋ। ਉਹਨਾਂ ਕੋਲ ਬਸ ਥੋੜਾ ਜਿਹਾ ਪ੍ਰਕਾਸ਼ ਸੀ, ਕਿਉਂਕਿ ਉਹ ਕਰ ਸਕਦੇ ਸਨ…ਉਨ੍ਹਾਂ ਕੋਲ ਸ਼ਰਾ ਸੀ, ਅਤੇ ਉਹ ਸ਼ਰਾ ਅਨੁਸਾਰ ਜਿਉਂਦੇ ਸਨ, ਪਰ ਉਹਨਾਂ ਦੇ ਦਿਲ ਦੀ ਗਹਿਰਾਈ ਵਿੱਚ ਇੰਨਾ ਅੰਧਕਾਰ ਸੀ ਜਿਨਾ ਹੋ ਸਕਦਾ ਸੀ।

57 ਅਤੇ ਉੱਥੇ ਇੱਕ ਛੋਟੀ ਜਿਹੀ ਔਰਤ ਸੀ, ਇੱਕ ਵੇਸਵਾ, ਉਸਦਾ…*ਇੱਥੇ* ਉਸਦੀ ਪਹਿਲਾਂ ਦੀ ਜ਼ਿੰਦਗੀ ਓਨੀ ਹੀ ਕਾਲੀ ਸੀ ਜਿੰਨੀ ਇਹ ਹੋ ਸਕਦੀ ਸੀ, ਉਹ ਬਦ-ਨਾਮ ਸੀ, ਪਰ ਉਸਦੇ ਦਿਲ ਵਿੱਚ ਉਹ ਜੀਵਨ ਲਈ ਪਹਿਲਾਂ ਤੋਂ ਠਹਿਰਾਈ ਗਈ ਸੀ।

58 ਅਤੇ ਜਦੋਂ ਯਿਸੂ, ਵਚਨ, ਦ੍ਰਿਸ਼ ਉੱਤੇ ਆਇਆ, ਤਾਂ ਉਨ੍ਹਾਂ ਫ਼ਰੀਸੀਆਂ ਨੇ ਕਿਹਾ, "ਇਹ ਆਦਮੀ ਬਾਅਲਜਬੂਬ ਹੈ।" ਇਸ ਨਾਲ ਕੀ ਹੋਇਆ? ਇਸ ਨੇ ਉਹ ਥੋੜ੍ਹਾ ਬਹੁਤ ਪ੍ਰਕਾਸ਼ ਵੀ ਮਿਟਾ ਦਿੱਤਾ ਜੋ ਉਹਨਾਂ ਕੋਲ ਸੀ।

59 ਯਿਸੂ ਨੇ ਕਿਹਾ, "ਤੁਸੀਂ ਆਪਣੇ ਪਿਤਾ, ਸ਼ੈਤਾਨ ਤੋਂ ਹੋ, ਅਤੇ ਉਸਦੇ ਹੀ ਕੰਮ ਤੁਸੀਂ ਕਰਦੇ ਹੋ।"

60 ਪਰ ਜਦੋਂ ਇਹ ਛੋਟੀ, ਬਦਨਾਮ ਔਰਤ ਆਈ, ਅਤੇ ਉਸਨੇ ਪਰਮੇਸ਼ੁਰ ਦੇ ਵਚਨ ਨੂੰ ਵੇਖਿਆ, ਉਸਨੂੰ ਇਸਦੀ ਪਹਚਾਣ ਸੀ। ਉਹ ਇਸਨੂੰ ਜੀਉਂਦੀ

ਨਹੀਂ ਸੀ, ਪਰ ਉਸਨੇ ਇਸਦੀ ਪਹਚਾਣ ਕੀਤੀ। ਜਿਵੇਂ ਹੀ ਇਹਨੇ ਉਸਨੂੰ ਕੁਝ ਕਿਹਾ, ਉਹ ਨੇ ਕਿਹਾ, "ਮੈਨੂੰ ਲੱਗਦਾ ਹੈ ਕਿ ਤੁਸੀਂ ਇੱਕ ਨਬੀ ਹੋ।" ਅਤੇ ਉਹ…ਉਸ ਨੇ ਕਿਹਾ, "ਮੈਂ ਜਾਣਦੀ ਹਾਂ ਕਿ ਮਸੀਹਾ ਅਜਿਹਾ ਕਰੇਗਾ।"

ਅਤੇ ਉਸਨੇ ਕਿਹਾ, "ਮੈਂ ਉਹੀ ਹਾਂ।"

61 ਇਸ ਨੇ ਕੀ ਕੀਤਾ? ਇਸ ਨੇ ਸਾਰੇ ਅੰਧਕਾਰ ਨੂੰ ਸਾਫ਼ ਕਰ ਦਿੱਤਾ ਅਤੇ ਇਸਨੂੰ ਪੂਰੀ ਤਰ੍ਹਾਂ ਚਿੱਟਾ ਕਰ ਦਿੱਤਾ। ਕਿਉਂ? ਉੱਥੇ ਇੱਕ ਬੀਜ ਪਿਆ ਹੋਇਆ ਸੀ, ਇੱਕ ਪਹਿਲਾਂ ਤੋਂ ਠਹਿਰਾਇਆ ਹੋਇਆ ਬੀਜ ਜੋ ਇਸ ਵਿੱਚ ਸੀ…ਇਹ ਸੰਸਾਰ ਦੀ ਨੀਂਹ ਧਰਨ ਤੋਂ ਪਹਿਲਾਂ ਪਰਮੇਸ਼ੁਰ ਦਾ ਵਿਚਾਰ ਸੀ।

62 ਸਦੀਪਕ ਜੀਵਨ ਦਾ ਕੇਵਲ ਇੱਕ ਹੀ ਰੂਪ ਹੈ। ਜੇ ਤੁਹਾਡੇ ਕੋਲ ਸਦੀਪਕ ਜੀਵਨ ਹੈ, ਤਾਂ ਜਗਤ ਦੀ ਰਚਨਾ ਹੋਣ ਤੋਂ ਪਹਿਲਾਂ ਤੁਸੀਂ ਖੁਦ ਪਰਮੇਸ਼ੁਰ ਦੇ ਵਿਚਾਰਾਂ ਵਿੱਚ ਸੀ। ਤੁਸੀਂ ਉਸਦੇ ਵਿਚਾਰਾਂ ਦਾ ਇੱਕ ਗੁਣ ਹੋ, ਕਿਉਂਕਿ ਅਨੰਤ ਕਦੇ ਵੀ ਸ਼ੁਰੂ ਨਹੀਂ ਹੋਇਆ ਅਤੇ ਨਾ ਹੀ ਕਦੇ ਖਤਮ ਹੋ ਸਕਦਾ ਹੈ। ਤੁਸੀਂ ਹਮੇਸ਼ਾਂ ਪਰਮੇਸ਼ੁਰ ਦੀ ਯੋਜਨਾ ਦਾ ਹਿੱਸਾ ਹੋ। ਇਹ ਸਿਰਫ ਪ੍ਰਗਟ ਹੋ ਰਿਹਾ ਹੈ। ਹੁਣ ਇਹ ਬਣ ਰਿਹਾ ਹੈ। ਉਨ੍ਹਾਂ ਨੂੰ ਇੱਕ ਹੋਰ ਤਸਵੀਰ ਤਿਆਰ ਕਰਨੀ ਹੈ, ਜੋ ਕਿ ਮੌਤ ਹੈ, ਫਿਰ ਨਕਾਰਾਤਮਕ ਸਕਾਰਾਤਮਕ ਵਿੱਚ ਬਦਲ ਜਾਂਦਾ ਹੈ, ਫਿਰ ਤੁਸੀਂ ਲਾੜੀ ਵਿੱਚ ਅਤੇ ਮਸੀਹ ਦੇ ਨਾਲ ਹੋ, ਜਿਵੇਂ ਕਿ ਉਸਨੇ ਸੋਚਿਆ ਸੀ। ਜਿਵੇਂ ਪਤੀ ਅਤੇ ਪਤਨੀ, ਅੱਜ, ਉਸੇ ਤਰ੍ਹਾਂ ਪਰਮੇਸ਼ੁਰ, ਮਸੀਹ ਅਤੇ ਕਲੀਸੀਆ ਇੱਕੋ ਜਿਹੇ ਹੋਣਗੇ। ਹੁਣ, ਚੁਣੇ ਹੋਏ, ਬੁਲਾਏ ਹੋਏ!

ਮੂਸਾ ਦਾ ਜਨਮ ਹੋਇਆ ਸੀ, "ਇੱਕ ਉੱਚਿਤ ਬੱਚੇ ਵਜੋਂ।"

63 ਬਾਈਬਲ ਨੇ ਕਿਹਾ, ਕਿ, ਨਬੀਆਂ ਵਿੱਚੋਂ ਇੱਕ, ਯਿਰਮਿਯਾਹ, ਪਰਮੇਸ਼ੁਰ ਨੇ ਕਿਹਾ, "ਇਸ ਤੋਂ ਪਹਿਲਾਂ ਕਿ ਤੂੰ ਆਪਣੀ ਮਾਂ ਦੀ ਕੁੱਖ ਵਿੱਚ ਰੂਪ ਧਾਰਦਾ, ਮੈਂ ਤੈਨੂੰ ਕੌਮ ਲਈ ਇੱਕ ਨਬੀ ਠਹਿਰਾਇਆ।"

64 ਯੂਹੰਨਾ ਬਪਤਿਸਮਾ ਦੇਣ ਵਾਲਾ, ਕਿਉਂ, ਉਸ ਨੂੰ ਵਚਨ ਵਿੱਚ ਪਛਾਣ ਦਿੱਤੀ ਗਈ ਸੀ। ਯਸਾਯਾਹ, ਉਸਦੇ ਆਉਣ ਤੋਂ ਸੱਤ ਸੌ ਬਾਰਾਂ ਸਾਲ ਪਹਿਲਾਂ, ਕਿਹਾ, "ਉਹ ਉਜਾੜ ਵਿੱਚ ਹੋਕਾ ਦੇਣ ਵਾਲੇ ਦੀ ਅਵਾਜ਼ ਹੈ, 'ਪ੍ਰਭੂ ਦਾ ਰਾਹ ਤਿਆਰ ਕਰੋ!'" ਅਤੇ ਉਸਦੇ ਪ੍ਰਗਟ ਹੋਣ ਤੋਂ ਲਗਭਗ ਚਾਰ ਸੌ ਸਾਲ ਪਹਿਲਾਂ, ਅਸੀਂ ਦੁਬਾਰਾ ਵੇਖਦੇ ਹਾਂ, ਮਲਾਕੀ ਨੇ ਕਿਹਾ, "ਵੇਖੋ, ਮੈਂ ਆਪਣੇ ਦੂਤ ਨੂੰ ਤੁਹਾਡੇ ਅੱਗੇ ਭੇਜਦਾ ਹਾਂ, ਪ੍ਰਭੂ ਦੇ ਅੱਗੇ ਰਾਹ ਤਿਆਰ ਕਰਨ ਲਈ।"

65 ਦੇਖੋ, ਉਹ ਪਹਿਲਾਂ ਹੀ ਠਹਿਰਾਇਆ ਗਿਆ ਸੀ। ਅਤੇ ਇਸੇ ਤਰ੍ਹਾਂ ਪਰਮੇਸ਼ੁਰ ਦੇ ਉਹ ਸਾਰੇ ਦਫ਼ਤਰ ਸਨ, ਜੇਕਰ ਉਹ ਪਰਮੇਸ਼ੁਰ ਦੇ ਬੁਲਾਏ ਹੋਏ ਹਨ।

66 ਜੇ ਉਹ ਇਸ ਬਾਰੇ ਪੜ੍ਹੇ ਲਿਖੇ ਹਨ, ਤਾਂ ਇਹ ਸਿਰਫ਼ ਤੋਪਾਂ ਦਾ ਚਾਰਾ ਹੈ, ਦੇਖੋ, ਇਹ ਕੁਝ ਨਹੀਂ ਹੋ ਸਕਦਾ। ਜੇ ਇਹ ਖਾਣੇ ਦੀ ਟਿਕਟ ਹੈ, ਤਾਂ ਤੁਸੀਂ ਖਾਣੇ ਦੀ ਟਿਕਟ ਲਈ ਆਪਣੇ ਜਨਮ ਅਧਿਕਾਰ ਵੇਚਦੇ ਹੋ, ਤੁਸੀਂ ਕਿਸੇ ਸੰਗਠਨ ਜਾਂ ਕਿਸੇ ਸਮੂਹ ਨਾਲ ਜਾਣ ਲਈ ਸਮਝੌਤਾ ਕਰੋਗੇ। ਪਰ ਜੇ ਇਹ ਪਰਮੇਸ਼ੁਰ ਤੋਂ ਹੈ, ਤਾਂ ਤੁਸੀਂ ਉਸ ਵਚਨ ਦੇ ਨਾਲ ਖੜੇ ਹੋਵੋਗੇ, ਪਰਵਾਹ ਕੀਤੇ ਬਿਨਾਂ, ਕਿਉਂਕਿ ਤੁਸੀਂ ਇਸਦੇ ਨਾਲ ਖੜੇ ਹੋਣ ਲਈ ਪੈਦਾ ਹੋਏ ਸੀ।

67 ਮੂਸਾ, ਕੋਈ ਹੋਰ ਉਸਦੀ ਜਗ੍ਹਾ ਨਹੀਂ ਲੈ ਸਕਦਾ ਸੀ। ਹੋਰ ਕੋਈ ਉਹ ਕੰਮ ਨਹੀਂ ਕਰ ਸਕਦਾ ਸੀ। ਉਸਨੂੰ ਅਜਿਹਾ ਕਰਨ ਲਈ ਨਿਯੁਕਤ ਕੀਤਾ ਗਿਆ ਸੀ।

68 ਅਤੇ, ਭਰਾਵੋ, ਭੈਣੋ, ਜੇਕਰ ਤੁਹਾਡੇ ਕੋਲ ਅਨੰਤ ਜੀਵਨ ਹੈ, ਤਾਂ ਤੁਹਾਨੂੰ ਇੱਕ ਖਾਸ ਕੰਮ ਕਰਨ ਲਈ ਨਿਯੁਕਤ ਕੀਤਾ ਗਿਆ ਸੀ। ਹੋ ਸਕਦਾ ਹੈ ਕਿ ਕੋਈ ਚੰਗੀ ਘਰੇਲੂ ਔਰਤ, ਸ਼ਾਇਦ ਕੁਝ ਹੋਰ, ਪਰ ਤੁਹਾਡੀ ਜਗ੍ਹਾ ਕੋਈ ਨਹੀਂ ਲੈ ਸਕਦਾ। ਪਰਮੇਸ਼ੁਰ ਨੇ ਤੁਹਾਡੇ ਲਈ ਇੱਕ ਥਾਂ ਬਣਾਈ ਹੈ। ਕਿਸੇ ਹੋਰ ਦੀ ਥਾਂ ਲੈਣ ਦੀ ਕੋਸ਼ਿਸ਼ ਨਾ ਕਰੋ। ਇਹ ਸਰੀਰਕ ਨਕਲਾਂ ਹਨ, ਦੇਖੋ, ਇਹ ਦਿਖਾਉਂਦਾ ਹੈ ਕਿ ਤੁਹਾਡੇ ਨਾਲ ਕੁਝ ਗਲਤ ਹੈ। ਉਹੀ ਬਣੋ ਜੋ ਤੁਸੀਂ ਹੋ, ਬਿਲਕੁਲ ਉਹੀ। ਹੋਰ ਕੁਝ ਨਾ ਬਣੋ।

69 ਹੁਣ, ਹੁਣ ਸਾਨੂੰ ਪਤਾ ਲੱਗਾ ਹੈ ਕਿ ਪਰਮੇਸ਼ੁਰ ਨੇ ਮੂਸਾ ਨੂੰ ਦਾਅਵਿਆਂ ਅਤੇ ਬੁਲਾਹਟਾਂ ਨੂੰ ਸਾਬਤ ਕਰਨ ਲਈ ਚਿੰਨ੍ਹ ਦਿੱਤੇ ਸਨ।

70 ਅਤੇ ਹਰ ਸੱਚੀ ਨਿਸ਼ਾਨੀ, ਹਰ ਸੱਚਾ ਚਿੰਨ੍ਹ, ਜੋ ਪਰਮੇਸ਼ੁਰ ਵੱਲੋਂ ਭੇਜਿਆ ਗਿਆ ਹੈ,...ਇਸਦੇ ਪਿੱਛੇ ਇੱਕ ਆਵਾਜ਼ ਹੁੰਦੀ ਹੈ। ਹੁਣ ਅਸਫਲ ਨਾ ਹੋਵੋ। ਇਸ ਤੇ ਇਹ ਮੇਰਾ ਆਖਰੀ ਸਬਕ ਹੈ, ਦੇਖੋ। ਹਰ ਸੱਚਾ ਚਿੰਨ੍ਹ...ਹੁਣ ਸਾਡੇ ਕੋਲ ਅਜਿਹੇ ਚਿੰਨ੍ਹ ਹਨ ਜੋ ਪਰਮੇਸ਼ੁਰ ਵੱਲੋਂ ਨਹੀਂ ਹਨ; ਸ਼ੈਤਾਨ ਲਗਭਗ ਕਿਸੇ ਵੀ ਚੀਜ਼ ਦੀ ਨਕਲ ਕਰ ਸਕਦਾ ਹੈ ਜੋ ਉੱਥੇ ਹੈ। ਪਰ ਇੱਕ ਸੱਚਾ ਚਿੰਨ੍ਹ, ਪਰਮੇਸ਼ੁਰ ਵੱਲੋਂ ਭੇਜਿਆ ਗਿਆ ਹੈ, ਇਸਦੇ ਪਿੱਛੇ ਪਰਮੇਸ਼ੁਰ ਦੀ ਆਵਾਜ਼ ਹੈ।

71 ਪਰਮੇਸ਼ੁਰ ਨੇ ਮੂਸਾ ਨੂੰ ਕਿਹਾ, "ਜੇ ਉਹ ਪਹਿਲੇ ਚਿੰਨ੍ਹ ਦੀ ਅਵਾਜ਼ ਤੇ ਵਿਸ਼ਵਾਸ ਨਹੀਂ ਕਰਨਗੇ, ਤਾਂ ਉਨ੍ਹਾਂ ਦੇ ਸਾਹਮਣੇ ਦੂਸਰਾ ਚਿਨ੍ਹ ਵਿਖਾਵੀਂ। ਅਤੇ ਫਿਰ ਜੇ ਉਹ ਉਸ ਨੂੰ ਨਹੀਂ ਸੁਣਦੇ, ਤਾਂ ਬੱਸ ਪਾਣੀ ਲਵੀਂ ਅਤੇ ਇਸਨੂੰ ਜ਼ਮੀਨ ਤੇ ਡੋਲ੍ਹ ਦੇਣਾ।" ਅਤੇ ਇਹ ਇੱਕ ਚਿੰਨ੍ਹ ਹੋਵੇਗਾ ਕਿ ਉਹ ਉੱਥੇ ਆਪਣੇ ਹੀ ਲਹੂ ਨਾਲ ਭਿੱਜ ਜਾਣਗੇ।

72 ਧਿਆਨ ਦਿਓ, ਅਤੇ ਜਿਵੇਂ ਉਸਨੇ ਕਿਹਾ ਸੀ, "ਆਪਣੇ ਪੈਰਾਂ ਤੋਂ ਧੂੜ ਝਾੜ ਦਵੀਂ। ਉਹ ਦਿਨ, ਸਦੂਮ ਅਤੇ ਅਮੂਰਾਹ ਨਾਲੋਂ ਵਧੇਰੇ ਸਹਿਣਯੋਗ ਹੋਵੇਗਾ,

ਜਿੰਨਾ ਕਿ ਇਹ ਉਸ ਸ਼ਹਿਰ ਲਈ ਹੋਵੇਗਾ ਜੋ ਤੁਹਾਨੂੰ ਰੱਦ ਕਰਦਾ ਹੈ।”

73 ਹੁਣ ਅਸੀਂ ਕਲੀਸਿਯਾ ਨਹੀਂ *ਖੇਡ* ਰਹੇ, ਇਹ ਕਲੀਸੀਆ ਹੈ। ਮਸੀਹ ਕਲੀਸੀਆ ਹੈ। ਅਸੀਂ ਮਸੀਹ ਵਿੱਚ ਹਾਂ। ਮਸੀਹ ਦਾ ਰਹੱਸਮਈ ਸਰੀਰ, ਅਸੀਂ ਇਸ ਵਿੱਚ ਜਨਮ ਲਿਆ ਹੈ। ਤੁਸੀਂ ਇਸ ਵਿੱਚ ਸ਼ਾਮਲ ਨਹੀਂ ਹੋ ਸਕਦੇ।

74 ਮੈਂ ਲਗਭਗ ਪਚਵੰਜਾ ਸਾਲਾਂ ਤੋਂ ਬ੍ਰਨਹਾਮ ਪਰਿਵਾਰ ਨਾਲ ਰਿਹਾ ਹਾਂ, ਅਤੇ ਉਨ੍ਹਾਂ ਨੇ ਮੈਨੂੰ ਕਦੇ ਵੀ ਪਰਿਵਾਰ ਵਿੱਚ ਸ਼ਾਮਲ ਹੋਣ ਲਈ ਨਹੀਂ ਕਿਹਾ। ਮੈਂ ਇੱਕ ਬ੍ਰਨਹਾਮ ਪੈਦਾ ਹੋਇਆ ਸੀ।

75 ਅਤੇ ਇਸੇ ਤਰ੍ਹਾਂ ਤੁਸੀਂ ਇੱਕ ਮਸੀਹੀ ਹੋ। ਤੁਸੀਂ ਇੱਕ ਮਸੀਹੀ ਪੈਦਾ ਹੋਏ ਹੋ, ਇਸ ਵਿੱਚ ਸ਼ਾਮਲ ਨਹੀਂ ਹੋਏ। ਤੁਸੀਂ ਇਸ ਵਿੱਚ ਜਨਮ ਲਿਆ ਹੈ। ਹਰ ਕੋਈ ਜਨਮ ਤੋਂ ਡਰਦਾ ਹੈ। ਉਹਨਾਂ ਕੋਲ ਕੋਈ ਸੁੰਦਰ ਤੇ ਸਾਫ਼ ਤਰੀਕਾ ਹੁੰਦਾ ਹੈ, ਜਿਵੇਂ ਕਿ ਹੱਥ ਫੜਨਾ, ਜਾਂ ਕਿਸੇ ਕਾਰਡ ਤੇ ਦਸਤਖ਼ਤ ਕਰਨਾ, ਜਾਂ ਇੱਕ ਲੂਣਦਾਨੀ ਵਿੱਚ ਕੁਝ ਪਾਣੀ ਰੱਖਣਾ। ਇਹ ਜਨਮ ਨਹੀਂ ਹੈ। ਜਨਮ ਇੱਕ ਭਿਆਨਕ ਚੀਜ਼ ਹੈ। ਜਨਮ ਇੱਕ—ਇਕ ਦਰਦਨਾਕ ਚੀਜ਼ ਹੈ। ਮੈਨੂੰ ਫਰਕ ਨਹੀਂ ਪੈਂਦਾ ਕਿ ਇਹ ਸੂਰਾਂ ਦੇ ਵਾੜੇ ਵਿੱਚ ਹੈ, ਜਾਂ ਇਕ—ਜਾਂ ਇੱਕ ਤਬੇਲੇ ਵਿੱਚ, ਜਾਂ ਇੱਕ ਗੁਲਾਬੀ ਸਜਾਏ ਹੋਈ ਹਸਪਤਾਲ ਦੇ ਕਮਰੇ ਵਿੱਚ; ਇੱਕ ਜਨਮ ਇੱਕ ਗੰਦਗੀ ਹੈ, ਅਤੇ ਇਹ ਤੁਹਾਨੂੰ ਗੰਦਲਾ ਕਰ ਦਿੰਦਾ ਹੈ। ਤੁਸੀਂ ਛੱਡਣਾ ਨਹੀਂ ਚਾਹੁੰਦੇ, ਤੁਸੀਂ *ਇਹ, ਉਹ,* ਜਾਂ *ਹੋਰ,* ਨਹੀਂ ਚਾਹੁੰਦੇ, ਪਰ ਅੱਥਰੂ ਤੁਹਾਡੇ ਚਿਹਰੇ ਤੋਂ ਰੰਗ ਹਟਾ ਦੇਣਗੇ ਅਤੇ ਤੁਹਾਨੂੰ ਇਕ ਵੱਖਰੀ ਸ਼ਖਸੀਅਤ ਬਣਾ ਦੇਣਗੇ। ਜੇ ਤੁਸੀਂ ਦੁਬਾਰਾ ਜਨਮ ਲੈਂਦੇ ਹੋ, ਤਾਂ ਇਹ ਤੁਹਾਨੂੰ ਗੰਦਾ ਕਰ ਦੇਵੇਗਾ, ਪਰ ਤੁਸੀਂ ਇੱਕ ਨਵਾਂ ਜੀਵ ਬਣ ਕੇ ਆਓਗੇ। ਸਮਝੇ? ਉਹ ਇਹ ਨਹੀਂ ਚਾਹੁੰਦੇ। ਉਹ ਕੋਈ ਆਸਾਨ ਰਸਤਾ ਚਾਹੁੰਦੇ ਹਨ, ਤੁਸੀਂ ਜਾਣਦੇ ਹੋ, ਅਤੇ ਕੋਈ ਆਸਾਨ ਰਾਹ ਨਹੀਂ ਹੈ। ਜਿਵੇਂ ਗੀਤ ਵਿੱਚ, ਉਹ ਕਹਿੰਦਾ ਹੈ, “ਮੈਂ ਪ੍ਰਭੂ ਦੇ ਠੁਕਰਾਏ ਗਏ ਕੁਝ ਲੋਕਾਂ ਦੇ ਨਾਲ ਹੀ ਰਾਹ ਲਵਾਂਗਾ।” ਉਹ ਨਹੀਂ ਚਾਹੁੰਦਾ ਕਿ ਉਹ ਨਰਮ ਮੌਹੌਲ ਵਿੱਚ ਪਾਲਿਆ ਪੌਦਾ ਬਣੇ।

ਪਰਮੇਸ਼ੁਰ ਦੇ ਹਰੇਕ ਸੱਚੇ ਚਿਨ੍ਹ ਦੇ ਪਿੱਛੇ ਪਰਮੇਸ਼ੁਰ ਦੀ ਆਵਾਜ਼ ਆਉਂਦੀ ਹੈ।

76 ਹੁਣ ਜੇ ਕੋਈ ਮਨੁੱਖ ਕਿਸੇ ਦੇਸ਼ ਵਿੱਚ, ਜਾਂ ਕਿਸੇ ਵੇਲੇ ਕੋਈ ਚਿੰਨ੍ਹ ਦੇਵੇ, ਅਤੇ ਉਹ ਆਵਾਜ਼ ਜੋ ਉਹ ਬੋਲਦਾ ਹੈ ਉਸ ਦੇ ਪਿੱਛੇ ਉਹ ਪਰਮੇਸ਼ੁਰ ਦਾ ਵਚਨ ਨਹੀਂ ਹੈ, ਫਿਰ ਇਸਨੂੰ ਦੇਖੋ, ਇਸ ਤੇ ਵਿਸ਼ਵਾਸ ਨਾ ਕਰੋ। ਜੇ ਕੋਈ ਪੁਰਾਣਾ ਸਕੂਲ, ਜੇ ਕੋਈ ਬੰਦਾ ਉੱਠ ਕੇ ਕਹੇ, ਪਰਮੇਸ਼ੁਰ ਵੱਲੋਂ ਕੋਈ ਚਿੰਨ੍ਹ ਦਿਖਾਵੇ, ਅਤੇ ਫਿਰ ਉਸ ਆਦਮੀ ਦੀ ਸਿੱਖਿਆ ਉਹੀ ਪੁਰਾਣਾ ਧਰਮ ਸ਼ਾਸਤਰ ਹੈ

ਜੋ ਤੁਹਾਡੇ ਕੋਲ ਇੰਨੇ ਸਾਲਾਂ ਵਿੱਚ ਰਿਹਾ ਹੈ, ਤਾਂ ਪਰਮੇਸ਼ੁਰ ਨੇ ਕਦੇ ਵੀ ਉਹ ਚਿੰਨ੍ਹ ਨਹੀਂ ਭੇਜਿਆ। ਲਿਖਤਾਂ ਵਿੱਚ ਪਿੱਛੇ ਵੇਖੋ ਅਤੇ ਵੇਖੋ ਕਿ ਇਹ ਸੀ ਜਾਂ ਨਹੀਂ। ਲਿਖਤਾਂ ਨੂੰ ਖੋਜੋ। ਉਹ ਬੰਦਾ ਵਾਪਸ ਆਉਂਦਾ ਹੈ, ਅਤੇ ਕਹਿੰਦਾ ਹੈ, "ਹੁਣ ਅਸੀਂ ਸਭ *ਇਸ* ਵਿੱਚ ਸ਼ਾਮਲ ਹੋਣਾ ਚਾਹੁੰਦੇ ਹਾਂ। ਇਹ ਇੱਕ ਪੁਰਾਣਾ ਅਤੇ ਸਥਾਪਿਤ ਮਾਮਲਾ ਰਹਿ ਚੁੱਕਾ ਹੈ।" ਤੁਸੀਂ ਇਸ ਤੇ ਵਿਸ਼ਵਾਸ ਨਾ ਕਰੋ। ਅਸੀਂ ਕੁਝ ਮਿੰਟਾਂ ਵਿੱਚ ਇਸ ਵਿੱਚ ਜਾਣ ਵਾਲੇ ਹਾਂ, ਵੇਖੋ। ਨਹੀਂ, ਤੁਸੀਂ ਇਸ ਤੇ ਵਿਸ਼ਵਾਸ ਨਾ ਕਰੋ।

77 ਪਰਮੇਸ਼ੁਰ ਹਮੇਸ਼ਾ ਆਪਣੇ ਚਿੰਨ੍ਹਾਂ ਨੂੰ ਸਾਬਤ ਕਰਦਾ ਹੈ। ਪਰਮੇਸ਼ੁਰ ਵੱਲੋਂ ਚਿੰਨ੍ਹ ਹਮੇਸ਼ਾ ਪਰਮੇਸ਼ੁਰ ਦੀ ਆਵਾਜ਼ ਨੂੰ ਬੋਲਦਾ ਹੈ।

78 ਅਤੇ ਜੇ ਇਹ ਉਹੀ ਪੁਰਾਣੀ ਸਿੱਖਿਆ ਹੈ ਜਿਸ ਵਿੱਚ ਤੁਸੀਂ ਹੁਣ ਤੱਕ ਰਹੇ ਹੋ, ਤਾਂ ਉਹ ਚਿਨ੍ਹ ਕਿਉਂ ਦੇਵੇਗਾ? ਤੁਸੀਂ ਪਹਿਲਾਂ ਹੀ ਇਸ ਵਿੱਚ ਹੋ। ਉਹ ਤੁਹਾਨੂੰ ਉਸ ਕੋਨੇ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਰੁਕਣ ਦਾ ਚਿੰਨ੍ਹ! ਧੀਮੇ ਹੋ ਜਾਓ! ਦੇਖੋ ਕਿ ਤੁਸੀਂ ਕਿੱਥੇ ਜਾ ਰਹੇ ਹੋ! ਜੇਕਰ ਤੁਸੀਂ ਧਿਆਨ ਨਹੀਂ ਦਿਨਦੇ ਤਾਂ ਤੁਸੀਂ ਆਪਣੇ ਆਪ ਨੂੰ ਨੁੱਕਰ ਵਿੱਚ ਸੁੱਟ ਲਵੋਗੇ। ਇੱਥੇ ਇੱਕ ਤਿੱਖਾ ਮੋੜ ਹੈ, ਅਤੇ ਇਸ ਤੋਂ ਪਹਿਲਾਂ ਕਿ ਤੁਸੀਂ ਮੋੜ ਨੂੰ ਲਵੋ ਉੱਥੇ ਹਮੇਸ਼ਾ ਇੱਕ ਚਿਨ੍ਹ ਹੁੰਦਾ ਹੈ, ਤਾਂ ਜੋ ਤੁਹਾਨੂੰ ਤਬਾਹ ਹੋਣ ਤੋਂ ਬਚਾਇਆ ਜਾ ਸਕੇ। ਇੱਕ ਚੰਗਾ ਸੜਕ ਬਣਾਉਣ ਵਾਲਾ ਹਮੇਸ਼ਾ ਚਿੰਨ੍ਹ ਲਗਾਉਂਦਾ ਹੈ। ਅਤੇ ਅਸੀਂ ਇੱਕ ਅਜਿਹੀ ਸੜਕ ਤੇ ਸਫ਼ਰ ਕਰ ਰਹੇ ਹਾਂ ਜਿਹੜੀ ਮਹਿਮਾ ਨੂੰ ਜਾਂਦੀ ਹੈ। ਅਤੇ ਜੇਕਰ ਚਿੰਨ੍ਹ ਉਸੇ ਪੁਰਾਣੀ ਚੀਜ਼ ਦੀ ਗੱਲ ਕਰਦਾ ਹੈ, ਤਾਂ ਇਹ ਪਰਮੇਸ਼ੁਰ ਵੱਲੋਂ ਨਹੀਂ ਸੀ।

79 ਪਰਮੇਸ਼ੁਰ ਆਪਣੇ ਲੋਕਾਂ ਦਾ ਧਿਆਨ ਖਿੱਚਣ ਲਈ ਚਿੰਨ੍ਹ ਦਿੰਦਾ ਹੈ। ਚਿੰਨ੍ਹ ਪਰਮੇਸ਼ੁਰ ਦੇ ਲੋਕਾਂ ਦਾ ਧਿਆਨ ਖਿੱਚਣ ਲਈ ਹਨ, ਪਰਮੇਸ਼ੁਰ ਦੇ ਚਿੰਨ੍ਹ। ਪਰਮੇਸ਼ੁਰ ਦੇ ਚਿੰਨ੍ਹ ਪਰਮੇਸ਼ੁਰ ਦੇ ਲੋਕਾਂ ਦਾ ਧਿਆਨ ਖਿੱਚਣ ਲਈ ਦਿੱਤੇ ਗਏ ਹਨ।

80 ਹੁਣ ਇੱਥੇ ਬਲਦੀ ਝਾੜੀ ਨਬੀ ਨੂੰ ਆਕਰਸ਼ਿਤ ਕਰਨ ਲਈ ਚਿੰਨ੍ਹ ਸੀ, ਕੋਸ਼ਿਸ਼ ਕਰ ਰਿਹਾ ਸੀ, ਕਿਉਂਕਿ ਨਬੀ ਪਰਮੇਸ਼ੁਰ ਤੋਂ ਭੱਜ ਗਿਆ ਸੀ, ਅਤੇ ਪਰਮੇਸ਼ੁਰ ਨੇ ਇੱਕ ਬਲਦੀ ਹੋਈ ਝਾੜੀ ਚਿਨ੍ਹ ਦੇ ਰੂਪ ਵਿੱਚ ਦਿੱਤੀ ਸੀ। ਅਤੇ ਉਸਨੇ ਇਹ ਅਜੀਬ ਚਿਨ੍ਹ ਦੇਖਿਆ; ਉਸ ਨੇ ਕਿਹਾ, "ਮੈਂ ਇੱਕ ਪਾਸੇ ਹੋਕੇ ਵੇਖਾਂਗਾ ਕਿ ਇਹ ਅਜੀਬ ਚਿੰਨ੍ਹ ਕੀ ਹੈ, ਕਿ ਇੱਕ—ਇੱਕ ਝਾੜੀ ਨੂੰ ਅੱਗ ਲੱਗੀ ਹੋਈ ਹੈ ਅਤੇ ਇਹ ਭਸਮ ਨਹੀਂ ਹੋਈ।" ਹੁਣ ਪਰਮੇਸ਼ੁਰ ਆਪਣੇ ਭਗੋੜੇ ਨਬੀ ਦਾ ਧਿਆਨ ਆਪਣੇ ਵੱਲ ਖਿੱਚ ਰਿਹਾ ਸੀ। ਉਸਨੂੰ ਕਿਸੇ ਹੋਰ ਨੂੰ ਲੈ

ਸਕਦਾ ਸੀ, ਪਰ ਉਸਨੇ ਮੂਸਾ ਨੂੰ ਉਸ ਕੰਮ ਲਈ ਠਹਿਰਾਇਆ ਸੀ ਅਤੇ ਕੋਈ ਹੋਰ ਉਸਦੀ ਜਗ੍ਹਾ ਨਹੀਂ ਲਵੇਗਾ।

81 ਯਾਤਰਾ ਵਿੱਚ, ਕੁਝ ਹੋਰ ਸਾਥੀਆਂ ਨੇ ਅਜਿਹਾ ਕਰਨ ਦੀ ਕੋਸ਼ਿਸ਼ ਕੀਤੀ, ਤੁਸੀਂ ਜਾਣਦੇ ਹੋ। ਦਾਥਾਨ ਉਠਿਆ ਅਤੇ ਇਸ ਨੂੰ ਇੱਕ ਸੰਸਥਾ ਬਣਾਉਣਾ ਚਾਹੁੰਦਾ ਸੀ। ਪਰਮੇਸ਼ੁਰ ਨੇ ਮੂਸਾ ਨੂੰ ਕਿਹਾ, "ਆਪਣੇ ਆਪ ਨੂੰ ਵੱਖਰਾ ਕਰ। ਮੈਂ ਉਹਨਾਂ ਨੂੰ ਨਿਗਲ ਲਵਾਂਗਾ।" ਵੇਖਿਆ?

82 "ਪਰਮੇਸ਼ੁਰ ਇੱਕ ਵਿਅਕਤੀ ਨਾਲ ਕਾਰਵਾਈ ਕਰਦਾ ਹੈ। ਵੇਖਿਆ? ਹੁਣ ਇਸ ਵੱਲ ਧਿਆਨ ਦਿਓ, ਉਹ ਨਬੀ ਦਾ ਧਿਆਨ ਖਿੱਚਣ ਦੀ ਕੋਸ਼ਿਸ਼ ਕਰ ਰਿਹਾ ਸੀ, ਨਬੀ ਨੂੰ ਉਸ ਦੇ ਸਹੀ ਸਥਾਨ ਤੇ ਲਿਆਉਣ ਲਈ, ਵੇਖੋ, ਅਤੇ ਉਸਨੇ ਬਲਦੀ-ਝਾੜੀ ਦਾ ਚਿੰਨ੍ਹ ਦਿੱਤਾ।

83 ਅਤੇ, ਦੇਖੋ, ਚਿੰਨ੍ਹ ਦੇ ਪਿੱਛੇ ਆਉਣ ਵਾਲੀ ਆਵਾਜ਼ ਇੱਕ ਵਚਨ ਅਨੁਸਾਰ ਆਵਾਜ਼ ਸੀ। "ਮੈਂ ਮੁੱਖ ਲੋਕਾਂ ਦੇ ਕਰਕੇ ਆਪਣੇ ਲੋਕਾਂ ਦੀ ਪੁਕਾਰ, ਅਤੇ ਉਹਨਾਂ ਦੇ ਹਾਉਕੇ ਸੁਣੇ ਹਨ, ਉਨ੍ਹਾਂ ਤੋਂ ਕੰਮ ਕਰਾਉਣ ਵਾਲਿਆਂ ਕਾਰਣ, ਅਤੇ ਮੈਨੂੰ ਆਪਣਾ ਵਾਅਦਾ ਯਾਦ ਹੈ।" ਆਮੀਨ। ਇਸ ਨਾਲ ਗੱਲ ਖਤਮ ਹੋ ਜਾਂਦੀ ਹੈ। "ਮੈਨੂੰ ਵਾਅਦਾ ਯਾਦ ਹੈ।" ਇਹ ਇਕ ਵਚਨ ਅਨੁਸਾਰ ਆਵਾਜ਼ ਸੀ। "ਅਤੇ ਮੈਂ ਤੈਨੂੰ ਭੇਜ ਰਿਹਾ ਹਾਂ। ਮੈਂ ਉਨ੍ਹਾਂ ਨੂੰ ਛੁਡਾਉਣ ਲਈ ਹੇਠਾਂ ਆਇਆ ਹਾਂ, ਅਤੇ ਮੈਂ ਤੈਨੂੰ ਭੇਜ ਰਿਹਾ ਹਾਂ।"

84 ਯਾਦ ਰੱਖੋ, ਪਰਮੇਸ਼ੁਰ ਮਨੁੱਖ ਤੋਂ ਬਾਹਰ ਕੁਝ ਨਹੀਂ ਕਰਦਾ। ਤੁਹਾਨੂੰ ਇਹ ਪਤਾ ਹੈ? ਇਹੀ ਹੈ ਜਿਸ ਕਾਰਣ ਲੋਕ ਠੋਕਰ ਖਾਂਦੇ ਹਨ। ਸਮਝੇ?

85 ਇਹੀ ਗੱਲ ਹੈ ਜਿਸ ਨੇ ਉਨ੍ਹਾਂ ਨੂੰ ਯਿਸੂ ਬਾਰੇ ਠੋਕਰ ਖਵਾਈ। ਓਹਨਾਂ ਨੇ ਕਿਹਾ, "ਤੂੰ ਇੱਕ ਆਦਮੀ ਹੈਂ, ਆਪਣੇ ਆਪ ਨੂੰ ਪਰਮੇਸ਼ੁਰ ਬਣਾਉਂਦਾ ਹੈਂ।" ਉਹ ਪਰਮੇਸ਼ੁਰ ਸੀ, ਪਰ ਉਹ ਇਸਨੂੰ ਸਮਝ ਨਹੀਂ ਸਕੇ। "ਖੈਰ, ਤੂੰ, ਸਿਰਫ ਇੱਕ ਮਨੁੱਖ ਹੈਂ।"

86 ਉਸ ਨੇ ਕਿਹਾ, "ਅੱਛਾ, ਤੁਸੀਂ ਨਬੀਆਂ ਨੂੰ, 'ਪਰਮੇਸ਼ੁਰ' ਬੁਲਾਉਂਦੇ ਹੋ, ਅਤੇ ਤੁਹਾਡੀ ਸ਼ਰਾ ਇਸ ਨੂੰ ਮਾਨਤਾ ਦਿੰਦੀ ਹੈ। ਅਤੇ ਜੇ ਤੁਸੀਂ ਉਨ੍ਹਾਂ ਨੂੰ 'ਪਰਮੇਸ਼ੁਰ' ਕਹਿ ਕੇ ਬੁਲਾਉਂਦੇ ਹੋ, ਜਿਨ੍ਹਾਂ ਕੋਲ ਪਰਮੇਸ਼ੁਰ ਦਾ ਵਚਨ ਆਉਂਦਾ ਹੈ, ਤਾਂ ਤੁਸੀਂ ਮੈਨੂੰ ਕਿਵੇਂ ਨਿੰਦ ਸਕਦੇ ਹੋ ਜਦੋਂ ਮੈਂ ਕਹਿੰਦਾ ਹਾਂ ਕਿ ਮੈਂ ਪਰਮੇਸ਼ੁਰ ਦਾ ਪੁੱਤਰ ਹਾਂ?"

87 ਵੇਖੋ, ਚਿਨ੍ਹ, ਧਿਆਨ ਖਿੱਚਣ ਲਈ ਹਨ। ਅਤੇ, ਯਾਦ ਰੱਖੋ, ਜੇਕਰ ਧਿਆਨ ਖਿੱਚਿਆ ਜਾਂਦਾ ਹੈ ਅਤੇ ਇਹ ਉਹੀ ਪੁਰਾਣੀ ਗੱਲ ਹੈ, ਤਾਂ ਇਹ ਪਰਮੇਸ਼ੁਰ ਨਹੀਂ ਹੈ।

88 ਪਰ ਹੁਣ ਪਰਮੇਸ਼ੁਰ ਨਬੀ ਨੂੰ ਆਕਰਸ਼ਿਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਅਤੇ ਉਹ ਉਸਨੂੰ ਇੱਕ ਚਿੰਨ੍ਹ ਦਿੰਦਾ ਹੈ, ਅਤੇ ਚਿੰਨ੍ਹ ਦੇ ਬਾਅਦ ਆਉਣ ਵਾਲੀ ਆਵਾਜ਼ ਇੱਕ ਵਚਨ ਅਨੁਸਾਰ ਆਵਾਜ਼ ਸੀ। "ਮੈਂ ਲੋਕਾਂ ਨੂੰ ਦੇਖਿਆ ਹੈ। ਮੈਂ ਉਨ੍ਹਾਂ ਦਾ ਰੋਣਾ ਸੁਣਿਆ ਹੈ। ਮੈਨੂੰ ਆਪਣਾ ਵਾਅਦਾ ਯਾਦ ਹੈ।"

89 ਹੁਣ ਪਰਮੇਸ਼ੁਰ ਆਪਣੇ ਵਾਅਦਾ ਕੀਤੇ ਵਚਨ ਦੁਆਰਾ ਬੋਲਣ ਜਾ ਰਿਹਾ ਹੈ। ਉਸਨੂੰ ਜਰੂਰ ਆਪਣਾ ਨਬੀ ਭੇਜਣਾ ਚਾਹੀਦਾ ਹੈ, ਕਿਉਂਕਿ ਵਚਨ ਨਬੀ ਕੋਲ ਆਉਂਦਾ ਹੈ। ਬਾਈਬਲ ਨੇ ਕਿਹਾ, ਪਰਮੇਸ਼ੁਰ ਨੇ ਕਿਹਾ, ਆਪ, ਕਿ, "ਉਹ ਉਦੋਂ ਤਕ ਕੁਝ ਨਹੀਂ ਕਰਦਾ ਜਦੋਂ ਤੱਕ ਉਹ ਇਸਨੂੰ ਆਪਣੇ ਸੇਵਕਾਂ ਨਬੀਆਂ ਉੱਤੇ ਪਹਿਲਾਂ ਪ੍ਰਗਟ ਨਹੀਂ ਕਰਦਾ।" ਸਮਝੇ? ਅਤੇ ਫਿਰ, ਚਿੰਨ੍ਹ ਦਿੱਤਾ ਗਿਆ ਹੈ, ਅਤੇ ਲਿਖਤਾਂ ਦੀ ਪਛਾਣ ਕੀਤੀ ਗਈ ਹੈ, ਇਹੀ ਚਿੰਨ੍ਹ ਦੀ ਆਵਾਜ਼ ਹੈ।

90 ਮੂਸਾ ਦੇ, ਚਿੰਨ੍ਹ ਦੀ ਆਵਾਜ਼ ਵੇਖੋ? ਪਹਿਲਾਂ, ਚਿੰਨ੍ਹ ਬਲਦੀ ਹੋਈ ਝਾੜੀ ਸੀ; ਅਵਾਜ ਵਚਨ ਸੀ।

91 ਮੂਸਾ ਨੇ ਉਸ ਨੂੰ ਉਸਦੇ ਚਿਨ੍ਹ ਵਜੋਂ ਲਿਆ, ਅਤੇ ਮਿਸਰ ਨੂੰ ਗਿਆ ਅਤੇ ਉਹ ਚਿੰਨ੍ਹ ਵਿਖਾਇਆ ਜੋ ਪਰਮੇਸ਼ੁਰ ਨੇ ਉਸ ਨੂੰ ਦੱਸਿਆ ਸੀ; ਅਤੇ ਚਿੰਨ੍ਹ ਵਿੱਚ ਇੱਕ ਅਵਾਜ਼ ਸੀ, ਅਤੇ ਲੋਕਾਂ ਨੇ ਵਿਸ਼ਵਾਸ ਕੀਤਾ ਅਤੇ ਉਹ ਬਾਹਰ ਆ ਗਏ। ਅਤੇ ਜਿੰਨਾ ਚਿਰ ਉਹ ਚੱਲਦੇ ਰਹੇ, ਉਨ੍ਹਾਂ ਨੇ ਚੰਗਾ ਕੀਤਾ; ਪਰ ਜਦੋਂ ਉਹ ਆਵਾਜ਼ ਦੇ ਵਿਰੁੱਧ ਬੁੜਬੁੜਾਉਣਾ ਸ਼ੁਰੂ ਕਰਦੇ ਹਨ, ਤਾਂ ਉਹ ਰੁਕ ਜਾਂਦੇ ਹਨ।

92 ਯਾਦ ਰੱਖੋ, ਇਸਰਾਏਲ ਨੇ ਯਾਤਰਾ ਕੀਤੀ ਸੀ। ਕੀ ਤੁਸੀਂ ਜਾਣਦੇ ਹੋ ਕਿ ਉਹ ਕਿੰਨੇ ਦੂਰ ਆ ਗਏ ਸਨ? ਉਹ ਰਹੇ ਹੋਣਗੇ...ਉਹ ਸਿਰਫ ਚਾਲੀ ਮੀਲ ਦੂਰ ਸਨ, ਅਤੇ ਇਸ ਨੂੰ ਕਰਨ ਵਿੱਚ ਲਗਭਗ ਚਾਲੀ ਸਾਲ ਲਗ ਗਏ। ਕਿਉਂ? ਕਿਉਂਕਿ ਉਨ੍ਹਾਂ ਉਸ ਆਵਾਜ਼ ਦੇ ਵਿਰੁੱਧ ਬੁੜਬੁੜਾਉਣਾ ਸ਼ੁਰੂ ਕਰ ਦਿੱਤਾ ਜਿਸ ਨੇ ਚਿੰਨ੍ਹ ਪੈਦਾ ਕੀਤਾ ਸੀ। ਉਨ੍ਹਾਂ ਨੂੰ ਕਿੰਨਾ ਘੱਟ ਪਤਾ ਸੀ, ਜਦੋਂ ਉਹ ਉੱਥੇ ਕੰਢੇ ਉੱਤੇ ਚੀਕ ਰਹੇ ਸਨ, ਅਤੇ ਆਤਮਾ ਵਿੱਚ ਨੱਚ ਰਹੇ ਸਨ, ਅਤੇ ਮੂਸਾ ਆਤਮਾ ਵਿੱਚ ਗਾ ਰਿਹਾ ਸੀ, ਉਹ ਸਿਰਫ਼ ਕੁਝ ਦਿਨਾਂ ਦੀ ਦੂਰੀ ਤੇ ਸਨ। ਪਰ ਉਹ ਬੁੜਬੁੜਾਉਣ ਲੱਗ ਪੈਂਦੇ ਹਨ, ਅਤੇ ਕੁਝ ਵੱਖਰਾ ਕਰਨਾ ਚਾਹੁੰਦੇ ਸਨ; ਅਤੇ ਉਹ ਚਾਲੀ ਸਾਲ ਉਜਾੜ ਵਿੱਚ ਰਹੇ, ਅਤੇ ਉੱਥੇ ਨਾਸ਼ ਹੋ ਗਏ, ਇਹ ਠੀਕ ਹੈ, ਕਿਉਂਕਿ ਉਨ੍ਹਾਂ ਨੇ ਵਿਸ਼ਵਾਸ ਨਹੀਂ ਕੀਤਾ। ਪਰਮੇਸ਼ੁਰ ਨੇ ਕਿਹਾ, "ਉਹ ਤੇਰੇ ਵਿਰੁੱਧ ਨਹੀਂ ਬੋਲ ਰਹੇ, ਮੂਸਾ। ਉਹ ਮੇਰੇ ਵਿਰੁੱਧ ਬੋਲ ਰਹੇ ਹਨ।" ਇਹ ਪਰਮੇਸ਼ੁਰ ਦੀ ਆਵਾਜ਼ ਸੀ, ਮੂਸਾ ਦੀ ਨਹੀਂ।

93 ਹੁਣ ਦੇਖੋ, ਯਹੋਵਾਹ ਆਪਣੇ ਵਾਅਦੇ ਕੀਤੇ ਬਚਨ ਦੁਆਰਾ ਬੋਲਣ ਜਾ

ਰਿਹਾ ਹੈ, ਇਸ ਲਈ ਉਸ ਨੂੰ ਆਪਣੇ ਨਬੀਆਂ ਨੂੰ ਭੇਜਣਾ ਚਾਹੀਦਾ ਹੈ। ਉਹ, ਜੇਕਰ ਤੁਸੀਂ ਇਹ ਦੇਖਣਾ ਚਾਹੁੰਦੇ ਹੋ, ਤਾਂ ਇਹ ਉਤਪਤ 15:16 ਵਿੱਚ ਹੈ। ਸਾਨੂੰ ਪਤਾ ਲੱਗਦਾ ਹੈ ਕਿ ਪਰਮੇਸ਼ੁਰ ਨੇ ਅਬਰਾਹਾਮ ਨੂੰ ਕਿਹਾ ਸੀ, "ਤੇਰੀ ਅੰਸ਼ ਅਣਜਾਣ ਧਰਤੀ ਵਿੱਚ ਪਰਦੇਸੀ ਹੋਵੇਗੀ, ਅਤੇ ਮੈਂ ਉਨ੍ਹਾਂ ਨੂੰ ਇੱਕ ਸ਼ਕਤੀਸ਼ਾਲੀ ਹੱਥ ਨਾਲ ਬਾਹਰ ਲਿਆਵਾਂਗਾ। ਅਮੋਰੀਆਂ ਦੀ ਬੁਰਿਆਈ ਅਜੇ ਪੂਰੀ ਨਹੀਂ ਹੋਈ।" ਉਸਦੇ ਸਾਰੇ ਵਾਅਦੇ ਜੋ ਉਸ ਨੇ ਦਿੱਤੇ ਸਨ, ਇੱਥੇ ਉਹ ਇੱਕ ਬਲਦੀ ਝਾੜੀ ਦੁਆਰਾ, ਨਬੀ ਨੂੰ ਆਕਰਸ਼ਿਤ ਕਰ ਰਿਹਾ ਹੈ।

94 ਹੁਣ ਜੇ ਬਲਦੀ ਝਾੜੀ ਨੇ ਕਿਹਾ ਹੁੰਦਾ, "ਮੂਸਾ, ਪਰਮੇਸ਼ੁਰ ਪਰਮੇਸ਼ੁਰ ਹੈ।"

"ਹਾਂ, ਮੈਂ ਇਸ ਤੇ ਵਿਸ਼ਵਾਸ ਕਰਦਾ ਹਾਂ।"

95 "ਔਹ, ਤੂੰ ਚੰਗਾ ਕਰ ਰਿਹਾ ਹੈਂ, ਮੂਸਾ, ਬਸ ਇਸਨੂੰ ਜਾਰੀ ਰੱਖੋ। ਤੂੰ ਇੱਕ ਵਧੀਆ ਔਰਤ ਨਾਲ ਵਿਆਹ ਕੀਤਾ ਹੈ; ਉਹ ਇੱਕ ਸੁੰਦਰ ਬੱਚੀ ਹੈ। ਯਕੀਨਨ ਇੱਕ ਵਧੀਆ ਪੁੱਤਰ ਹੈ! ਪਰਮੇਸ਼ੁਰ ਦੀ ਮਹਿਮਾ ਹੋਵੇ!" ਇਹ ਉਹੀ ਪੁਰਾਣੀ ਵਿਚਾਰਧਾਰਾ ਹੈ। ਸਮਝੇ?

96 ਪਰ ਉਹ ਕੁਝ ਕਰਨ ਲਈ ਤਿਆਰ ਸੀ, ਇਸ ਲਈ ਉਸਨੂੰ ਉਸ ਆਦਮੀ ਨੂੰ ਆਕਰਸ਼ਿਤ ਕਰਨਾ ਪਿਆ। ਅਤੇ ਉਸਨੇ ਉਸ ਆਦਮੀ ਨੂੰ ਕਰਨ ਲਈ ਦੋ ਚਿੰਨ੍ਹ ਦਿੱਤੇ ਅਤੇ ਕਿਹਾ, "ਹਰ ਚਿੰਨ੍ਹ ਦੀ ਇੱਕ ਆਵਾਜ਼ ਸੀ।" ਇਹ ਸਾਬਤ ਕਰਦਾ ਹੈ ਕਿ ਅਜਿਹਾ ਹੈ। ਹੁਣ ਦੇਖੋ ਕਿ ਉਹਨਾਂ ਆਵਾਜ਼ਾਂ ਨੇ ਕੀ ਬੋਲਿਆ, ਇੱਥੋਂ ਤੱਕ ਕਿ ਰਚਨਾ ਵੀ ਕੀਤੀ। ਯਹੋਵਾਹ ਹੁਣ ਬੋਲਣ ਲਈ ਤਿਆਰ ਸੀ।

97 ਫਿਰ, ਇੱਕ ਨਬੀ ਦਾ ਆਉਣਾ ਇੱਕ ਚਿੰਨ੍ਹ ਹੈ। ਕੀ ਤੁਸੀਂ ਜਾਣਦੇ ਹੋ? ਇੱਕ ਨਬੀ ਦਾ ਆਉਣਾ, ਉਸ ਯੁੱਗ ਵਿੱਚ, ਇੱਕ ਚਿੰਨ੍ਹ ਹੈ।

98 ਹੁਣ, ਮੇਰਾ ਮਤਲਬ ਦੈਵਿਕਤਾ ਦਾ ਡਾਕਟਰ ਨਹੀਂ ਹੈ। ਮੇਰਾ ਮਤਲਬ ਕੁਝ ਵਫ਼ਾਦਾਰ ਪਾਸਟਰ, ਕੋਈ ਚੰਗਾ ਵਿਅਕਤੀ ਨਹੀਂ ਹੈ। ਉਹ ਠੀਕ ਹਨ। ਉਹ ਪਰਮੇਸ਼ੁਰ ਦੇ ਸੇਵਕ ਹਨ।

99 ਪਰ ਇੱਕ ਨਬੀ ਇੱਕ ਚਿੰਨ੍ਹ ਹੈ। ਬਾਈਬਲ ਇੱਥੇ ਅਜਿਹਾ ਕਹਿੰਦੀ ਹੈ। ਅਤੇ ਚਿੰਨ੍ਹ ਕਿਸ ਦਾ ਹੈ? ਇਹ ਇੱਕ ਚਿੰਨ੍ਹ ਹੈ ਕਿ ਉਸਦਾ ਵਚਨ ਪੂਰਾ ਹੋਣਾ ਲਈ ਤਿਆਰ ਹੈ, ਇਸ ਨਬੀ ਦੇ ਚਿੰਨ੍ਹ ਦੀ ਆਵਾਜ਼ ਦੁਆਰਾ ਪੂਰਾ ਹੋਣ ਲਈ।

100 ਧਿਆਨ ਦਿਓ, ਇੱਕ ਨਬੀ ਦਾ ਆਉਣਾ ਨਿਆਂ ਦੀ ਚੇਤਾਵਨੀ ਦਾ ਚਿੰਨ੍ਹ ਹੈ। ਕੀ ਤੁਸੀਂ ਜਾਣਦੇ ਸੀ? ਜੇ ਦੇਸ਼ ਵਿੱਚ ਕੋਈ ਨਬੀ ਹੈ ਤਾਂ ਨਿਆਂ ਹੋਣਾ ਤੈਅ ਹੈ।

101 ਯਾਦ ਰੱਖੋ, ਉਸ ਨੂੰ ਨਿਸ਼ਚਤ ਤੌਰ ਤੇ, ਪਹਿਲਾਂ, ਉਸ ਦਿਨ ਲਈ ਪਰਮੇਸ਼ੁਰ ਅਤੇ ਵਚਨ ਦੁਆਰਾ ਪ੍ਰਮਾਣਿਤ ਹੋਣਾ ਸੀ, ਅਤੇ ਫਿਰ ਉਹ ਚਿੰਨ੍ਹ ਵਿਖਾਉਂਦਾ ਹੈ। ਅਤੇ ਫਿਰ ਉਸ ਚਿੰਨ੍ਹ ਨੂੰ ਦੇਖੋ, ਜੋ ਉਹ ਭਵਿੱਖਬਾਣੀ ਕਰਦਾ ਹੈ। ਉਸ ਨੇ ਕਿਹਾ, "ਜੇ ਇਹ ਗੱਲ ਪੂਰੀ ਹੁੰਦੀ ਹੈ, ਤਾਂ ਉਸਦੀ ਸੁਣੋ।" ਗਿਣਤੀ 12:6। "ਜੇ ਇਹ ਪੂਰਾ ਨਹੀਂ ਹੁੰਦਾ, ਤਾਂ ਇਸਨੂੰ ਭੁੱਲ ਜਾਓ।" ਜੋ ਉਹ ਦਿੰਦਾ ਹੈ ਇਹ ਇੱਕ ਵਚਨ ਵਿੱਚੋਂ ਚਿੰਨ੍ਹ ਹੋਣਾ ਚਾਹੀਦਾ ਹੈ।

102 ਅਤੇ ਜੋ ਉਹ ਇੱਕ ਚਿੰਨ੍ਹ ਲਈ ਦਿੰਦਾ ਹੈ, ਇੱਕ ਵਾਰ, ਜੇਕਰ ਉਹ ਕੱਲ੍ਹ, ਅੱਜ, ਅਤੇ ਸਦਾ ਲਈ ਇੱਕੋ ਜਿਹਾ ਹੈ, ਉਹ ਲਗਾਤਾਰ ਇਹੀ ਦਿੰਦਾ ਹੈ। "ਪ੍ਰਭੂ ਦਾ ਵਚਨ ਨਬੀਆਂ ਕੋਲ ਆਇਆ।" ਉਹ ਵਚਨ ਸਨ। ਅਤੇ ਜਦੋਂ ਯਿਸੂ ਆਇਆ, ਉਹ ਵਚਨ ਸੀ। ਅਤੇ ਵਚਨ ਨੇ ਦਿਲ ਦੇ ਵਿਚਾਰਾਂ ਅਤੇ ਇਰਾਦਿਆਂ ਨੂੰ, ਨਿਰੰਤਰ, ਨਿਰੰਤਰ, ਪਛਾਣਿਆ। ਹੁਣ ਦੇਖੋ।

103 ਇਸ ਨਬੀ ਦਾ ਆਉਣਾ, "ਨਿਆਂ ਨੇੜੇ ਹੈ," ਹਮੇਸ਼ਾ, ਨਿਆਂ ਦਾ ਚਿੰਨ੍ਹ ਦਿੰਦਾ ਹੈ।

104 ਆਓ ਕੁਝ ਮਿੰਟਾਂ ਲਈ ਰੁਕੀਏ। ਮੈਂ ਬਹੁਤ ਜ਼ਿਆਦਾ ਸਮਾਂ ਨਹੀਂ ਲਵਾਂਗਾ। ਚਲੋ ਹੁਣ ਇੱਕ ਜੋੜੇ ਨੂੰ ਵੇਖੀਏ, ਲਗਭਗ ਦਸ ਮਿੰਟ ਲਈ। ਅਤੇ ਸਗੋਂ ਬਾਕੀ ਦਾ ਸੰਦੇਸ਼, ਦਸ ਮਿੰਟ ਲਈ।

105 ਨੂਹ, ਧਰਤੀ ਉੱਤੇ—ਧਰਤੀ ਵਿੱਚ ਇੱਕ ਨਬੀ, ਆਉਣ ਵਾਲੇ ਨਿਆਂ ਦਾ ਚਿੰਨ੍ਹ ਸੀ। ਮੂਸਾ, ਧਰਤੀ ਉੱਤੇ ਇੱਕ ਨਬੀ, ਆਉਣ ਵਾਲੇ ਨਿਆਂ ਦਾ ਇੱਕ ਚਿੰਨ੍ਹ। ਏਲੀਯਾਹ, ਧਰਤੀ ਉੱਤੇ ਇੱਕ ਨਬੀ, ਆਉਣ ਵਾਲੇ ਨਿਆਂ ਦਾ ਚਿੰਨ੍ਹ। ਯੂਹੰਨਾ, ਧਰਤੀ ਵਿੱਚ ਇੱਕ ਨਬੀ, ਇਸਰਾਏਲ ਲਈ ਆਉਣ ਵਾਲੇ ਨਿਆਂ ਦਾ ਚਿੰਨ੍ਹ; ਉਹ ਬਿਲਕੁਲ ਕੱਟੇ ਗਏ ਸਨ।

106 ਧਿਆਨ ਦਿਓ, ਚਿੰਨ੍ਹ! ਚਿੰਨ੍ਹ ਕੀ ਕਰਦਾ ਹੈ? ਚਿੰਨ੍ਹ ਧਿਆਨ ਆਕਰਸ਼ਿਤ ਕਰਨ ਲਈ ਹੈ, ਅਤੇ ਚੁਣੇ ਹੋਏ ਲੋਕਾਂ ਨੂੰ ਤਿਆਰ ਕਰਨ ਲਈ, ਅਤੇ ਨਿਆਂ ਦੇ ਹਮਲੇ ਤੋਂ ਪਹਿਲਾਂ ਰਾਹ ਤੋਂ ਹਟਣ ਲਈ। ਨੂਹ ਨੇ ਇਹੀ ਕੀਤਾ, ਚੁਣੇ ਹੋਏ ਲੋਕਾਂ ਨੂੰ ਤਿਆਰ ਕੀਤਾ। ਬਾਕੀ ਦੇ, ਅਤੇ ਇਹ ਕੀ ਕਰਦਾ ਹੈ? ਚਿੰਨ੍ਹ, ਅਤੇ ਚਿੰਨ੍ਹ ਦੀ ਆਵਾਜ਼, ਅਵਿਸ਼ਵਾਸੀ ਨੂੰ ਦੋਸ਼ੀ ਠਹਿਰਾਉਂਦੀ ਹੈ ਅਤੇ ਉਸਨੂੰ ਨਿਆਂ ਲਈ ਤਿਆਰ ਕਰਦੀ ਹੈ। ਇਹ ਚੁਣੇ ਹੋਏ ਲੋਕਾਂ ਨੂੰ ਬਚਾਉ ਲਈ ਤਿਆਰ ਕਰਦਾ ਹੈ। ਇਹੀ ਚਿੰਨ੍ਹ ਹੈ। ਇਹੀ ਹੈ ਜਿਸ ਲਈ ਚਿੰਨ੍ਹ ਦਿੱਤੇ ਗਏ ਹਨ, ਆਉਣ ਵਾਲੇ ਨਿਆਂ ਦੇ ਲਈ। ਚੁਣੇ ਹੋਏ ਲੋਕਾਂ ਨੂੰ, ਉਹ ਇਸ ਨੂੰ ਦੇਖਦੇ ਹਨ।

107 ਉਸ ਛੋਟੀ ਔਰਤ ਵਾਂਗ, ਜਿਸ ਦਾ ਦਿਲ ਸ਼ੁੱਧ ਸੀ, ਪਰ ਸਰੀਰ ਅਸ਼ੁੱਧ ਸੀ; ਅਤੇ ਫਰੀਸੀ ਜਿਸਦਾ ਸਰੀਰ ਸ਼ੁੱਧ ਸੀ, ਪਰ ਦਿਲ ਅਸ਼ੁੱਧ ਸੀ। ਇਸ ਨੇ

ਇੱਕ ਨੂੰ ਦੋਸ਼ੀ ਠਹਿਰਾਇਆ, ਅਤੇ ਦੂਜੇ ਨੂੰ ਬਚਾ ਲਿਆ।

108 ਉਹੀ ਨਿਆਂ ਜਿਸਨੇ ਮੂਸਾ ਨੂੰ ਬਚਾਇਆ, ਉਸੇ ਨੇ ਸੰਸਾਰ ਨੂੰ ਦੋਸ਼ੀ ਠਹਿਰਾਇਆ; ਉਸ ਦਾ ਪ੍ਰਚਾਰ।

109 ਇਹ ਚੁਣੇ ਹੋਏ ਲੋਕਾਂ ਨੂੰ ਤਿਆਰ ਕਰਦਾ ਹੈ। ਚੁਣੇ ਹੋਏ ਕਿਸ ਲਈ ਤਿਆਰ ਹਨ? ਜਦੋਂ ਉਹ ਪਰਮੇਸ਼ੁਰ ਦੁਆਰਾ ਭੇਜੇ ਗਏ ਚਿੰਨ੍ਹ ਨੂੰ ਦੇਖਦੇ ਹਨ, ਤਾਂ ਉਹ ਲਿਖਤਾਂ ਵਿੱਚ ਦੇਖਦੇ ਹਨ ਅਤੇ ਦੇਖਦੇ ਹਨ ਕਿ ਕੀ ਇਹ ਉੱਥੇ ਹੋਣਾ ਚਾਹੀਦਾ ਹੈ। "ਹਾਂ, ਇਹ ਇੱਥੇ ਹੈ।" ਇਹ ਕੀ ਹੈ? ਬੱਚਿਆ ਹੋਇਆ ਨਿਆਂ। ਫਿਰ ਚੁਣਿਆ ਹੋਇਆ ਆਵਾਜ਼ ਨੂੰ ਸੁਣਦਾ ਹੈ।

110 ਪਰ ਜੋ ਨਾਚੁਣੇ ਹਨ ਉਹ ਨਜ਼ਰਅੰਦਾਜ਼ ਕਰਦੇ ਹਨ, ਅਤੇ ਕਹਿੰਦੇ ਹਨ, "ਬਕਵਾਸ। ਅਗਾਂਹ ਜਾਓ! ਅਸੀਂ ਉਸੇ ਪੁਰਾਣੀ ਵਿਚਾਰਧਾਰਾ ਨੂੰ ਹੀ ਲਵਾਂਗਾ।" ਵੇਖਿਆ? ਲੂਥਰ ਦੇ ਦਿਨਾਂ ਵਿਚ ਉਨ੍ਹਾਂ ਨੇ ਇਸੇ ਤਰ੍ਹਾਂ ਹੀ ਕੀਤਾ ਸੀ। ਵੈਸਲੀ ਦੇ ਦਿਨਾਂ ਵਿੱਚ ਉਨ੍ਹਾਂ ਨੇ ਇਸੇ ਤਰ੍ਹਾਂ ਹੀ ਕੀਤਾ ਸੀ। ਉਹ—ਉਹ ਹੁਣ ਵੀ ਇਸੇ ਤਰ੍ਹਾਂ ਹੀ ਕਰਦੇ ਹਨ, ਜਿਸ ਤਰ੍ਹਾਂ ਉਨ੍ਹਾਂ ਨੇ ਹਮੇਸ਼ਾ ਕੀਤਾ ਹੈ।

111 ਪਰ ਇਹ ਇੱਕ ਚਿੰਨ੍ਹ ਹੈ, ਅਤੇ ਇਸ ਵਿੱਚ ਇੱਕ ਅਵਾਜ਼ ਹੈ ਜੋ ਚਿੰਨ੍ਹ ਦੇ ਮਗਰੋਂ ਆਉਂਦੀ ਹੈ। ਅਤੇ ਅਵਾਜ਼ ਨੂੰ ਇੱਕ ਵਚਨ ਦੀ ਆਵਾਜ਼ ਵਜੋਂ ਪਛਾਣਿਆ ਜਾਂਦਾ ਹੈ। ਹੁਣ ਇਸ ਨੂੰ ਨਾ ਭੁੱਲੋ। ਹੁਣ ਇਸਨੂੰ ਜਾਰੀ ਰੱਖੋ, ਕਿਉਂਕਿ ਮੈਂ ਸ਼ਾਇਦ ਤੁਹਾਨੂੰ ਦੁਬਾਰਾ ਕਦੇ ਨਾ ਵੇਖ ਪਾਵਾਂ।

112 ਕਾਸ਼ ਮੇਰੇ ਕੋਲ ਕੋਈ ਤਰੀਕਾ ਹੁੰਦਾ ਕਿ ਮੈਂ ਇੱਥੇ ਕਿਤੇ ਹੇਠਾਂ ਆਉਂਦਾ ਅਤੇ ਆਪਣੇ ਸਾਰੇ ਭਰਾਵਾਂ ਨੂੰ ਲੈਂਦਾ, ਜਦੋਂ ਉਹਨਾਂ ਕੋਲ ਕੋਈ ਬੇਦਾਰੀ ਨਹੀਂ ਚੱਲ ਰਹੀ ਸੀ, ਇੱਕ ਤੰਬੂ ਲਗਾਉਂਦਾ ਅਤੇ ਦਿਨ ਬਦਿਨ ਬੈਠਾ ਰਹਿੰਦਾ, ਅਤੇ ਇਸ ਨੂੰ ਉਦੋਂ ਤਕ ਸਿਖਾਉਂਦਾ ਜਦੋਂ—ਜਦੋਂ ਤੱਕ ਇਹ ਅਸਲ ਵਿੱਚ ਅੰਦਰ ਨਾ ਚਲਾ ਜਾਂਦਾ। ਪਰ ਉਹ ਇਸਦੀ ਇਜਾਜ਼ਤ ਨਹੀਂ ਦੇਵੇਗਾ, ਮੈਨੂੰ ਨਹੀਂ ਲੱਗਦਾ। ਦੇਖੋ, ਅਸੀਂ ਅੰਤ ਦੇ ਬਹੁਤ ਨੇੜੇ ਹਾਂ। ਮੇਰਾ ਮੰਨਣਾ ਹੈ ਕਿ ਅਸੀਂ ਇਸ ਵੇਲੇ ਅੰਤ ਤੇ ਹਾਂ।

113 ਉਥੇ ਮੇਰੀ ਕਿਤਾਬ ਵਿਚ, ਜਿਸ ਨੂੰ ਮੈਂ ਲਿਖ ਕੇ ਰੱਖਿਆ ਹੋਇਆ ਹੈ। 1933 ਵਿੱਚ, ਇੱਕ ਸਵੇਰ, ਸੰਡੇ ਸਕੂਲ ਜਾਣ ਦੀ ਤਿਆਰੀ ਕਰ ਰਿਹਾ ਸੀ, ਇੱਕ ਬੈਪਟਿਸਟ ਸੰਡੇ ਸਕੂਲ, ਜਿੱਥੇ ਮੈਂ ਪਾਸਟਰ ਸੀ, ਪਵਿੱਤਰ ਆਤਮਾ ਆਇਆ ਅਤੇ ਮੈਨੂੰ ਅਖੀਰਲੇ ਸਮੇਂ ਤੱਕ ਦੀਆਂ ਸੱਤ ਚੀਜ਼ਾਂ ਦਿਖਾਈਆਂ ਜੋ ਹੋਣ ਵਾਲੀਆਂ ਸਨ। ਮੈਂ ਉਨ੍ਹਾਂ ਨੂੰ ਲਿਖ ਲਿਆ। ਇਹ ਪੁਰਾਣੇ ਪੀਲੇ ਕਾਗਜ਼ ਤੇ ਹੈ।

114 ਮੈਨੂੰ ਬਿਲਕੁਲ ਸਹੀ ਦੱਸਿਆ ਕਿ ਕਿਵੇਂ ਜਰਮਨੀ ਉਸ ਸਿਗਫਰੀਡ ਲਾਈਨ ਨੂੰ ਬਣਾਏਗਾ, ਅਤੇ ਕਿਵੇਂ ਅਮਰੀਕੀ ਇਸ ਤੇ ਬੁਰੀ ਤਰ੍ਹਾਂ ਘਾਇਲ ਹੋਣਗੇ, ਲਾਈਨ ਦੇ ਬਣਨ ਤੋਂ ਗਿਆਰਾਂ ਸਾਲ ਪਹਿਲਾਂ।

115 ਕਿਹਾ ਕਿ ਮੁਸੋਲਿਨੀ ਕਿਵੇਂ ਖੜ੍ਹਾ ਹੋਵੇਗਾ, ਅਤੇ ਉਹ ਕਿਵੇਂ ਇਥੋਪੀਆ ਜਾਵੇਗਾ, ਅਤੇ ਇਥੋਪੀਆ ਕਿਵੇਂ "ਆਪਣੇ ਕਦਮਾਂ ਤੇ ਡਿੱਗ ਪਵੇਗਾ।" ਅਤੇ ਉਹ ਸ਼ਰਮਿਨਾਕ ਤਰੀਕੇ ਨਾਲ ਮਰੇਗਾ, ਉਲਟਾ ਲਟਕਾ ਕੇ, ਅਤੇ ਉਸਦੇ ਆਪਣੇ ਲੋਕ ਉਸ ਤੇ ਥੁਕਣਗੇ।

116 ਅਤੇ ਮੈਂ ਕਿਹਾ, "ਇੱਥੇ ਤਿੰਨ ਵਾਦ ਹਨ: ਸਾਮਵਾਦ, ਫਾਸ਼ੀਵਾਦ, ਅਤੇ ਨਾਜ਼ੀਵਾਦ। ਉਹ ਸਾਰੇ ਰੂਸ ਤੋਂ ਨਿਕਲ ਕੇ, ਸਾਮਵਾਦ ਵਿੱਚ ਮਿਲ ਜਾਣਗੇ।" ਅਤੇ ਇਹ ਕੈਥੋ-...ਕੈਥੋਲਿਕਵਾਦ ਨੂੰ ਤਬਾਹ ਕਰੇਗਾ। ਦੇਖੋ ਕਿ ਕੀ ਇਹ ਨਹੀਂ ਕਰਦਾ!

117 ਮੈਂ ਕਿਹਾ, "ਅਜਿਹੀ ਤਰੱਕੀ ਹੋਵੇਗੀ!" ਮੈਂ ਕਿਹਾ, "ਮੈਂ ਵੇਖਦਾ ਹਾਂ ਮੋਟਰ ਗੱਡੀਆਂ ਨੂੰ ਇੱਕ ਅੰਡੇ ਵਾਂਗ ਵਿਖਾਈ ਦਿੰਦਿਆ ਹਨ, ਜਦ ਉਹ ਗਲੀ ਵਿੱਚ ਚਲਦੀਆਂ ਹਨ। ਉੱਥੇ ਕਾਰਾਂ ਹਨ ਜੋ ਕਿਸੇ ਕਿਸਮ ਦੇ ਨਿਯੰਤਰਣ ਦੇ ਨਾਲ ਰਾਜਮਾਰਗ ਤੇ ਚਲਦੀਆਂ ਹਨ, ਉਹਨਾਂ ਨੂੰ ਇਸਨੂੰ ਚਲਾਉਣ ਦੀ ਜਰੂਰਤ ਨਹੀਂ ਹੈ। ਮੈਂ ਇੱਕ ਅਮਰੀਕੀ ਪਰਿਵਾਰ ਨੂੰ ਇੱਕ ਕਾਰ ਦੇ ਪਿਛਲੇ ਪਾਸੇ ਸ਼ਤਰੰਜ ਜਿਹੀ ਖੇਡ ਖੇਡਦੇ ਦੇਖਿਆ।" ਉਹਨਾਂ ਕੋਲ ਇਸੇ ਵੇਲੇ ਕਾਰ ਹੈ, ਜੇਕਰ ਉਹਨਾਂ ਕੋਲ ਇਸਨੂੰ ਚਲਾਉਣ ਲਈ ਰਾਜਮਾਰਗ ਹੁੰਦੇ। ਛੋਟੀ ਵੋਲਕਸਵੈਗਨ ਕਾਰ ਇੱਕ ਸੰਪੂਰਣ ਅੰਡਾ ਹੈ, ਬਿਲਕੁਲ, ਅਤੇ ਹੋਰ ਸਾਰੀਆਂ ਹੋਰ ਕਾਰਾਂ ਵੀ ਹਨ। ਕੀ ਤੁਸੀਂ ਸੋਚ ਸਕਦੇ ਹੋ ਕਿ 1933 ਵਿੱਚ ਗੱਡੀਆਂ ਹੁਣ ਦੇ ਮੁਕਾਬਲੇ ਕਿਸ ਤਰ੍ਹਾਂ ਦੀਆਂ ਦਿਖਾਈ ਦਿੰਦੀਆਂ ਸਨ?

118 ਅਤੇ ਫਿਰ ਇਸਨੇ ਦੁਬਾਰਾ ਭਵਿੱਖਬਾਣੀ ਕੀਤੀ, ਕਿ, ਔਰਤਾਂ ਨੂੰ ਵੋਟ ਪਾਉਣ ਦੀ ਆਗਿਆ ਦਿੱਤੀ ਜਾਵੇਗੀ, ਅਤੇ ਉਹ ਕੀ ਕਰਨਗੀਆਂ। ਅਤੇ ਕਿਵੇਂ ਇਹ ਦੇਸ਼, ਇੱਕ ਨਮੂਨਾ ਹੋਣ ਕਰਕੇ, ਇਸਰਾਈਲ ਵਾਂਗ, ਇੱਕ ਧਰਤੀ ਵਿੱਚ ਆਇਆ ਅਤੇ ਵਸਨੀਕਾਂ ਨੂੰ ਕੱਢ ਕੇ ਧਰਤੀ ਦਾ ਵਾਰਸ ਬਣਿਆ। ਅਤੇ ਜੋ ਪਹਿਲੇ ਕੁਝ ਰਾਜੇ ਉਨ੍ਹਾਂ ਦੇ ਸਨ, ਦਾਊਦ ਤੇ ਸਲੇਮਾਨ, ਉਹ ਪਰਮੇਸ਼ੁਰ ਤੋਂ ਡਰਣ ਵਾਲੇ ਰਾਜੇ ਸਨ। ਥੋੜ੍ਹੀ ਦੇਰ ਬਾਅਦ, ਉਨ੍ਹਾਂ ਨੂੰ ਦ੍ਰਿਸ਼ ਤੇ ਇੱਕ ਅਹਾਬ ਮਿਲਿਆ। ਉਨ੍ਹਾਂ ਨੇ ਉਸ ਨੂੰ ਚੁਣ ਕੇ ਅੰਦਰ ਲਿਆਂਦਾ। ਕੁਰਸੀ...ਕਲੀਸੀਆ ਸੰਸਾਰਿਕ ਹੋ ਗਈ। ਅਤੇ, ਸਾਡੇ ਕੋਲ ਇੱਕ ਲਿੰਕਨ ਅਤੇ ਇੱਕ ਵਾਸ਼ਿੰਗਟਨ ਸਨ, ਦੇਖੋ ਕਿ ਇਹ ਅੱਜ ਕੀ ਹੈ। ਦੇਖੋ ਅਸੀਂ ਹੁਣ ਕਿੱਥੇ ਜਾ ਰਹੇ ਹਾਂ। ਅਗਲੀ ਗੱਲ ਕਿੱਥੇ ਹੈ? ਅਸੀਂ ਅੰਤ ਦੇ ਸਮੇਂ ਤੇ ਹਾਂ।

119 ਅਤੇ ਇਹ ਇੱਕ ਚਿੰਨ੍ਹ ਹੈ, ਕੁਦਰਤੀ ਤੌਰ ਤੇ, ਬਿਲਕੁਲ। ਇਹ ਚੁਣੇ ਹੋਏ ਨੂੰ ਤਿਆਰ ਕਰਦਾ ਹੈ; ਅਤੇ ਅਵਿਸ਼ਵਾਸੀ ਨੂੰ ਨਿਆਂ ਲਈ ਦੋਸ਼ੀ ਠਹਿਰਾਉਂਦਾ ਹੈ।

120 "ਜੇ ਇਹ ਨਬੀ ਇੱਕ ਸੱਚਾ ਨਬੀ ਹੈ, ਅਤੇ ਜੋ ਉਹ ਕਹਿੰਦਾ ਹੈ ਉਹ ਪੂਰਾ ਹੁੰਦਾ ਹੈ," ਬਾਈਬਲ ਨੇ ਕਿਹਾ, ਗਿਣਤੀ 12:6 ਵਿੱਚ, "ਉਸਦੀ ਚੇਤਾਵਨੀ ਸੁਣੋ, ਕਿਕਿਉਂਕਿ ਇਹ ਸਾਬਤ ਕਰਦਾ ਹੈ ਕਿ ਇਹ ਮਨੁੱਖ ਨਹੀਂ ਹੈ।" ਇੱਕ—ਇੱਕ ਨਬੀ ਇੱਕ ਮਨੁੱਖ ਹੈ। ਪਰ ਅਲੌਕਿਕ ਚਿੰਨ੍ਹ ਦੀ ਆਵਾਜ਼ ਇੱਕ ਵਚਨ ਦੀ ਆਵਾਜ਼ ਹੈ, ਇਹ ਪ੍ਰਮਾਣਿਤ ਹੈ, ਫਿਰ ਇਹ ਇੱਕ ਚੇਤਾਵਨੀ ਹੈ।

121 ਬਾਈਬਲ ਨਬੀਆਂ ਦੁਆਰਾ ਲਿਖੀ ਗਈ ਸੀ, ਯਾਦ ਰੱਖੋ। ਦੂਜੇ ਪਤਰਸ ਵਿਚ, ਵੀ, 1:21। ਇਬਰਾਨੀਆਂ 1:1 ਵਿੱਚ, ਵੀ।

122 ਅੱਗ ਦਾ ਥੰਮ੍ਹ, ਮੂਸਾ ਲਈ, ਚਿੰਨ੍ਹ ਸੀ, ਆਵਾਜ਼ ਬੋਲਣ ਜਾ ਰਹੀ ਸੀ। ਅੱਗ ਦੇ ਥੰਮ੍ਹ ਨੇ ਦਿਖਾਇਆ ਕਿ ਆਵਾਜ਼ ਬੋਲਣ ਜਾ ਰਹੀ ਸੀ। ਇਹ ਇੱਕ ਚਿੰਨ੍ਹ ਹੈ, ਅੱਗ ਦਾ ਇੱਕ ਥੰਮ੍ਹ। ਤੁਹਾਨੂੰ ਲੋਕਾਂ ਨੂੰ ਹਿਊਸਟਨ ਤੋਂ ਇਹ ਯਾਦ ਰੱਖਣਾ ਚਾਹੀਦਾ ਹੈ, ਜਿਆਦਾ ਸਮਾਂ ਨਹੀਂ ਹੋਇਆ।

123 ਮੂਸਾ, ਇੱਕ ਨਬੀ ਨੇ, ਇਜ਼ਰਾਈਲ ਨੂੰ ਚਿਨ੍ਹ ਦਿੱਤਾ ਕਿ ਵਾਅਦਾ ਪੂਰਾ ਹੋਣ ਲਈ ਤਿਆਰ ਸੀ। ਜਦੋਂ ਮੂਸਾ ਨੇ ਹੇਠਾਂ ਆ ਕੇ ਇੱਕ ਨਬੀ ਦੇ ਚਿੰਨ੍ਹ ਨੂੰ ਦਿਖਾਇਆ, ਉਹ ਉਸੇ ਵੇਲੇ ਜਾਣ ਗਏ ਸਨ ਕਿ ਉਹ ਉਨ੍ਹਾਂ ਨੂੰ ਇਕੱਠਾ ਕਰੇਗਾ।

124 ਪਰਮੇਸ਼ੁਰ ਦਾ ਵਚਨ ਕ੍ਰਮ ਵਿੱਚ ਕਿੰਨਾ ਸੰਪੂਰਨ ਹੈ, ਹਰ ਵਾਰ ਇੱਕੋ ਜਿਹਾ। ਜਿਵੇਂ ਕਿ ਮੈਂ ਕੱਲ੍ਹ ਰਾਤ ਵੀ ਕਿਹਾ ਸੀ, ਕਿਵੇਂ ਉਰੀਮ ਤੁਮੀਮ, ਅਤੇ ਸਭ ਕੁਝ, ਨੇ ਹਮੇਸ਼ਾ ਪਰਮੇਸ਼ੁਰ ਨੂੰ ਜਵਾਬ ਦਿੱਤਾ ਹੈ।

125 ਆਓ ਫਿਰ ਇੱਕ ਪਲ ਲਈ, ਇੱਕ ਨਬੀ, ਯੂਨਾਹ, ਦੀ ਗੱਲ ਕਰੀਏ। ਮੈਂ ਇੱਥੇ ਯੂਨਾਹ ਦਾ ਪਹਿਲਾ ਅਧਿਆਏ ਲਿਖ ਕੇ ਰੱਖਿਆ ਹੋਇਆ ਸੀ, ਉਸਦੀ ਭਵਿੱਖਬਾਣੀ ਦਾ ਪਹਿਲਾ ਅਧਿਆਏ। ਯੂਨਾਹ ਮੱਛੀ ਦੇ ਪੇਟ ਵਿੱਚੋਂ ਬਾਹਰ ਆਇਆ, ਇਹ ਇੱਕ ਚਿੰਨ੍ਹ ਸੀ। ਵੇਖੋ, ਲੋਕ ਅਧਰਮੀ ਸਨ। ਉਹ ਸਮੁੰਦਰ ਦੇ ਦੇਵਤਿਆਂ ਦੀ ਪੂਜਾ ਕਰਦੇ ਸਨ, ਅਤੇ ਉਨ੍ਹਾਂ ਦਾ ਸਮੁੰਦਰੀ-ਦੇਵਤਾ ਮੱਛੀ ਸੀ।

126 ਬਹੁਤ ਸਾਰੇ ਲੋਕ ਯੂਨਾਹ ਨੂੰ ਨਿੰਦਣ ਦੀ ਕੋਸ਼ਿਸ਼ ਕਰਦੇ ਹਨ। ਮੈਂ ਹਮੇਸ਼ਾ ਯੂਨਾਹ ਦਾ ਸਾਥ ਦਿੱਤਾ ਹੈ। ਯੂਨਾਹ ਪ੍ਰਭੂ ਦੀ ਇੱਛਾ ਤੋਂ ਬਾਹਰ ਨਹੀਂ ਸੀ "ਧਰਮੀ ਦੀ ਚਾਲ ਯਹੋਵਾਹ ਵੱਲੋਂ ਦ੍ਰਿੜ੍ਹ ਹੁੰਦੀ ਹੈ।" ਅਸੀਂ ਕਹਿਣਾ ਚਾਹੁੰਦੇ ਹਾਂ, "ਉਹ ਯੂਨਾਹ ਹੈ।" ਪਰ ਆਓ ਇਸ ਨੂੰ ਉਸੇ ਤਰ੍ਹਾਂ ਲਈਏ ਜਿਸ ਤਰ੍ਹਾਂ ਇਹ ਹੈ…ਇਸਦੀ ਕੀਮਤ ਕੀ ਹੈ, ਇੱਕ ਵਾਰ ਲਈ। ਮੈਂ ਜਾਣਦਾ ਹਾਂ ਕਿ ਉਸ ਨੇ

ਨੀਨਵਾਹ ਜਾਣਾ ਸੀ, ਪਰ ਪਰਮੇਸ਼ੁਰ ਨੇ ਉਸ ਨੂੰ ਉਸ ਜਹਾਜ਼ ਨੂੰ ਤਰਸ਼ੀਸ਼ ਵੱਲ ਲਈਜਾਂ ਦਿੱਤਾ। ਅਤੇ ਉਸ ਨੂੰ ਸਮੁੰਦਰ ਉੱਤੇ ਆ ਕੇ ਮੁਸ਼ਕਲ ਦਾ ਸਾਹਮਣਾ ਕਰਨਾ ਪਿਆ।

127 ਯੂਨਾਹ ਨੇ ਕਿਹਾ, "ਮੇਰੇ ਹੱਥ ਪੈਰ ਬੰਨ੍ਹੋ। ਮੈਂ ਇੱਕ ਮੁਸੀਬਤ ਵਿੱਚ ਹਾਂ, ਮੈਂ ਹੀ ਇਸ ਦਾ ਕਾਰਨ ਹਾਂ।" ਅਤੇ ਉਸਨੂੰ ਬਾਹਰ ਸੁੱਟ ਦਿੱਤਾ। ਅਤੇ ਇੱਕ ਮੱਛੀ ਪਾਣੀ ਵਿੱਚ ਤੈਰ ਰਹੀ ਸੀ, ਇੱਕ ਵੱਡੀ ਮੱਛੀ ਜੋ ਯੂਨਾਹ ਨੂੰ ਨਿਗਲ ਗਈ ਸੀ। ਮੈਂ ਜਾਣਦਾ ਹਾਂ ਕਿ ਵਿਗਿਆਨ ਲਈ ਵਿਸ਼ਵਾਸ ਕਰਨਾ ਔਖਾ ਹੈ।

128 ਇੱਥੇ ਕੁਝ ਸਮਾਂ ਪਹਿਲਾਂ, ਲੂਇਸਵਿਲ, ਕੈਂਟਕੀ ਵਿੱਚ, ਲਗਭਗ ਦਸ ਸਾਲ ਪਹਿਲਾਂ, ਉਨ੍ਹਾਂ ਕੋਲ ਇੱਕ—ਇੱਕ ਵ੍ਹੇਲ ਮੱਛੀ ਇੱਕ ਮਾਲਗੱਡੀ ਉੱਤੇ ਪਈ ਹੋਈ ਸੀ। ਅਤੇ ਉੱਥੇ ਕੁਝ ਛੋਟਾ ਰਿਕੀ ਸੀ, ਜਿਸਦੇ ਕੋਲ ਇੰਨੀ ਜਿਆਦਾ ਸਿਆਣਪ ਸੀ, ਕਿ ਉਹ ਉਸ ਤੇ ਕਾਬੂ ਕਰਨਾ ਨਹੀਂ ਜਾਣਦਾ ਸੀ। ਉਹ ਬਾਈਬਲ ਨੂੰ ਝੂਠ ਦੱਸਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਸ ਨੇ ਕਿਹਾ, "ਤੁਸੀਂ ਜਾਣਦੇ ਹੋ, ਤੁਸੀਂ ਬਾਈਬਲ ਦੀ ਉਹ ਪੁਰਾਣੀ ਕਹਾਣੀ ਸੁਣਦੇ ਹੋ, ਕਿ ਮੱਛੀ ਨੇ ਯੂਨਾਹ ਨੂੰ ਨਿਗਲ ਲਿਆ ਸੀ।" ਉਸ ਨੇ ਕਿਹਾ, "ਵੇਖੋ, ਤੁਸੀਂ ਇਸਦੀ ਗਲੇ ਵਿਚੋਂ ਇਕ ਗੇਂਦ ਵੀ ਨਹੀਂ ਪਾ ਸਕਦੇ, ਇਹ ਇਨਾ ਛੋਟਾ ਸੀ। ਇੱਕ ਪੂਰੀ ਤਰ੍ਹਾਂ ਵਿਕਸਿਤ ਆਦਮੀ ਉਸਦੇ ਢਿੱਡ ਵਿੱਚ ਕਿਵੇਂ ਜਾ ਸਕਦਾ ਹੈ?" ਕਿਹਾ, "ਤੁਸੀਂ ਵੇਖੋ, ਇਹ ਸਿਰਫ਼ ਇੱਕ ਪੁਰਾਣੀ ਕਹਾਵਤ ਹੈ, ਜਿਵੇਂ ਕਿ ਬਾਈਬਲ ਉਹਨਾਂ ਨਾਲ ਭਰੀ ਹੋਈ ਹੈ।"

129 ਇਹ ਮੇਰੇ—ਮੇਰੇ ਵਿਚਾਰ ਨਾਲ ਬਹੁਤ ਜ਼ਿਆਦਾ ਸੀ। ਮੈਂ ਕਿਹਾ, "ਸ਼੍ਰੀਮਾਨ, ਮੈਂ ਇੱਥੇ ਕੁਝ ਕਹਿਣਾ ਚਾਹਾਂਗਾ।"

ਉਸ ਨੇ ਕਿਹਾ, "ਤੁਸੀਂ ਕੋਲ ਕਹਿਣ ਲਈ ਕੀ ਹੈ?"

130 ਮੈਂ ਕਿਹਾ, "ਤੁਸੀਂ ਦੇਖੋ, ਤੁਸੀਂ ਬਾਈਬਲ ਨੂੰ ਸਹੀ ਢੰਗ ਨਾਲ ਨਹੀਂ ਪੜ੍ਹਿਆ।" ਮੈਂ ਕਿਹਾ, "ਬਾਈਬਲ ਨੇ ਕਿਹਾ ਕਿ ਇਹ ਇੱਕ ਖਾਸ ਮੱਛੀ ਸੀ। 'ਪਰ ਯਹੋਵਾਹ ਨੇ ਇੱਕ ਵੱਡੀ ਮੱਛੀ ਠਹਿਰਾ ਛੱਡੀ ਸੀ।' ਇਹ ਇੱਕ ਖਾਸ ਤਰੀਕੇ ਨਾਲ ਬਣਾਈ ਗਈ ਸੀ, ਜਿਸ ਨਾਲ ਉਹ ਉਸਨੂੰ ਨਿਗਲਣ ਸਕੇ, ਜਿਸ ਨਾਲ ਉਹ ਇਹ ਕਰ ਸਕੀ! ਇਹ ਕੋਈ ਆਮ ਮੱਛੀ ਨਹੀਂ ਸੀ। ਪਰਮੇਸ਼ੁਰ ਇੱਕ ਅਸਾਧਾਰਨ ਕੰਮ ਕਰਨ ਜਾ ਰਿਹਾ ਸੀ, ਇਸ ਲਈ ਉਸਨੇ ਇੱਕ ਅਸਾਧਾਰਨ ਮੱਛੀ ਲਈ।" ਸਮਝੇ? ਉਸ ਨੇ ਫਿਰ ਇਸ ਬਾਰੇ ਹੋਰ ਕੁਝ ਨਹੀਂ ਕਿਹਾ। ਇਸ ਲਈ, ਇਹ, ਪਰਮੇਸ਼ੁਰ ਕੋਲ ਇੱਕ ਖਾਸ ਚੀਜ਼ ਸੀ।

131 ਇੱਕ ਛੋਟੀ ਕੁੜੀ ਵਾਂਗ, ਇੱਕ ਵਾਰ, ਡੇਰੇ ਵਿੱਚੋਂ ਆ ਰਹੀ ਸੀ; ਉਸਦੇ ਛੋਟੇ ਵਾਲ ਪਿੱਛੇ ਨੂੰ ਕੰਘੀ ਕੀਤੇ ਹੋਏ ਸਨ, ਅਤੇ ਚੀਕਣੇ ਸਨ, ਇੰਨੇ ਕਿ ਉਸਦਾ

ਛੋਟਾ ਜਿਹਾ ਚਿਹਰਾ ਛਿੱਲੇ ਹੋਏ ਪਿਆਜ਼ ਵਰਗਾ ਦਿਖਾਈ ਦਿੰਦਾ ਸੀ। ਉਸ ਕੋਲ ਬਸ ਇੱਕ ਬਾਈਬਲ ਸੀ, ਜਾ ਰਹੀ ਸੀ।

132 ਜਿਮ ਡੋਰਸੀ ਨਾਂ ਦਾ ਇਹ ਬਜ਼ੁਰਗ ਆਦਮੀ ਯੂਟਿਕਾ ਵਿੱਚ ਰਹਿੰਦਾ ਸੀ। ਉਹ ਇੱਕ ਅਵਿਸ਼ਵਾਸੀ ਸੀ, ਇੱਕ ਪੁਰਾਣਾ ਸਿਪਾਹੀ, ਅਤੇ—ਅਤੇ ਉਹ ਪਰਮੇਸ਼ੁਰ ਵਿੱਚ ਵਿਸ਼ਵਾਸ ਨਹੀਂ ਕਰਦਾ ਸੀ। ਅਤੇ ਉਸਨੇ ਕਿਹਾ, "ਤੁਸੀਂ ਕਿੱਥੇ ਜਾ ਰਹੇ ਹੋ, ਜਵਾਨ ਔਰਤ?"

ਉਹਨੇ ਕਿਹਾ, "ਮੈਂ ਘਰ ਜਾ ਰਹੀ ਹਾਂ, ਸ਼੍ਰੀਮਾਨ।"

ਕਿਹਾ, "ਉਹ ਕੀ ਹੈ ਜੋ ਤੁਸੀਂ ਆਪਣੀ ਬਾਂਹ ਵਿੱਚ ਲੈ ਕੇ ਜਾ ਰਹੇ ਹੋ?"

ਉਹਨੇ ਕਿਹਾ, "ਇਹ ਇੱਕ ਬਾਈਬਲ ਹੈ।"

ਕਿਹਾ, "ਤੁਸੀਂ ਇਸ ਤੇ ਵਿਸ਼ਵਾਸ ਨਹੀਂ ਕਰਦੇ, ਕੀ ਤੁਸੀਂ ਕਰਦੇ ਹੋ?" ਅਤੇ ਉਹ…

ਕਿਹਾ, "ਹਾਂ, ਮੈਂ ਵਿਸ਼ਵਾਸ ਕਰਦੀ ਹਾਂ, ਸ਼੍ਰੀਮਾਨ।"

133 ਅਤੇ ਕਿਹਾ, "ਕੀ ਤੁਸੀਂ ਯੂਨਾਹ ਨੂੰ ਨਿਗਲਣ ਵਾਲੀ ਮੱਛੀ ਦੀ ਕਹਾਣੀ ਤੇ ਵਿਸ਼ਵਾਸ ਕਰਦੇ ਹੋ?"

ਨੇ ਕਿਹਾ, "ਕਿਉਂ, ਯਕੀਨਨ, ਮੈਂ ਇਸ ਦੇ ਹਰ ਵਚਨ ਵਿੱਚ ਵਿਸ਼ਵਾਸ ਕਰਦੀ ਹਾਂ।"

134 ਉਸ ਨੇ ਕਿਹਾ, "ਤੁਸੀਂ ਇਸ ਨੂੰ ਵਿਸ਼ਵਾਸ ਤੋਂ ਇਲਾਵਾ ਕਿਸੇ ਹੋਰ ਤਰੀਕੇ ਨਾਲ ਕਿਵੇਂ ਸਾਬਤ ਕਰੋਗੇ, ਜਿਸ ਨੂੰ ਤੁਸੀਂ ਵਿਸ਼ਵਾਸ ਕਹਿੰਦੇ ਹੋ?"

"ਕਿਉਂ," ਉਹਨੇ ਕਿਹਾ, "ਜਦੋਂ ਮੈਂ ਸਵਰਗ ਵਿੱਚ ਜਾਵਾਂਗੀ, ਮੈਂ ਯੂਨਾਹ ਨੂੰ ਪੁੱਛਾਂਗੀ।" ਵੇਖਿਆ?

ਉਸ ਨੇ ਕਿਹਾ, "ਫਿਰ ਜੇ ਉਹ ਉੱਥੇ ਨਾ ਹੋਵੇ ਤਾਂ ਕੀ ਹੋਵੇਗਾ?"

135 ਉਹਨੇ ਕਿਹਾ, "ਫਿਰ ਤੁਹਾਨੂੰ ਉਸਨੂੰ ਪੁੱਛਣਾ ਪਏਗਾ।" ਇਸ ਲਈ ਮੈਂ ਸੋਚਿਆ ਕਿ ਇਹ ਇੱਕ ਬਹੁਤ ਵਧੀਆ ਸਿੱਧਾ ਜਵਾਬ ਸੀ। ਇਸ ਲਈ ਮੈਨੂੰ ਲਗਦਾ ਹੈ ਕਿ ਇਹ ਸਹੀ ਹੈ।

136 ਜੇ ਬਾਈਬਲ ਕਹਿੰਦੀ ਹੈ ਕਿ ਯੂਨਾਹ ਨੇ ਮੱਛੀ ਨੂੰ ਨਿਗਲ ਲਿਆ, ਤਾਂ ਮੈਂ ਇਸ ਤੇ ਵਿਸ਼ਵਾਸ ਕਰਾਂਗਾ। ਉਹ ਇਸ ਨੂੰ ਤਿਆਰ ਕਰ ਸਕਦਾ ਸੀ। ਪਰਮੇਸ਼ੁਰ ਨੇ ਜੋ ਕੁਝ ਕਿਹਾ ਹੈ, ਉਹ ਪੂਰਾ ਕਰਨ ਲਈ ਸਮਰੱਥ ਹੈ, ਅਤੇ ਉਹ ਹਮੇਸ਼ਾ ਆਪਣੇ ਵਚਨ ਨੂੰ ਪੂਰਾ ਕਰਦਾ ਹੈ। ਇਸ ਲਈ, ਯੂਨਾਹ, ਅਸੀਂ ਉਸਦਾ ਮਜ਼ਾਕ ਉਡਾਉਂਦੇ ਹਾਂ…

137 ਪਰ ਕੀ ਤੁਸੀਂ ਕਦੇ ਧਿਆਨ ਦਿੱਤਾ ਹੈ? ਇੱਕ ਮੱਛੀ ਜਦੋਂ ਤੈਰਦੀ ਹੈ, ਇਹ ਆਪਣੇ ਭੋਜਨ ਦਾ ਸ਼ਿਕਾਰ ਕਰ ਰਹੀ ਹੁੰਦੀ ਹੈ। ਅਤੇ ਫਿਰ ਜਦੋਂ ਇਹ ਖਾਂਦੀ ਹੈ, ਇਹ ਬਿਲਕੁਲ ਹੇਠਾਂ ਵੱਲ ਜਾਂਦੀ ਹੈ ਅਤੇ ਆਪਣੇ ਛੋਟੇ ਤੈਰਾਕਾਂ ਨੂੰ ਹੇਠਾਂ ਆਰਾਮ ਕਰਾਉਂਦੀ ਹੈ। ਆਪਣੀ ਗੋਲਡਫਿਸ਼ ਨੂੰ ਖੁਆਓ ਅਤੇ ਦੇਖੋ ਕੀ ਹੁੰਦਾ ਹੈ। ਉਹ ਆਪਣਾ ਛੋਟਾ ਜਿਹਾ ਢਿੱਡ ਭਰ ਲੈਂਦੇ ਹਨ, ਫਿਰ ਉਹ ਹੇਠਾਂ ਜਾਂਦੇ ਹਨ ਅਤੇ ਆਪਣੇ ਤੈਰਾਕਾਂ ਨੂੰ ਹੇਠਾਂ ਰੱਖਦੇ ਹਨ, ਅਤੇ ਉੱਥੇ ਲੇਟ ਜਾਂਦੇ ਹਨ ਅਤੇ ਅਰਾਮ ਕਰਦੇ ਹਨ।

138 ਖੈਰ, ਇਸ ਵੱਡੀ ਠਹਿਰਾਈ ਹੋਈ ਮੱਛੀ ਆਈ ਅਤੇ ਇਸ ਨਬੀ ਨੂੰ ਨਿਗਲ ਲਿਆ। ਅਤੇ ਉਹ ਸਮੁੰਦਰ ਦੇ ਤਲ ਤੱਕ ਹੇਠਾਂ ਚਲੀ ਗਈ, ਅਤੇ ਸ਼ਾਇਦ ਉਹ ਚਾਲੀ ਫੁੱਟ ਡੂੰਘਾਈ ਵਿੱਚ। ਉਹ ਸਮੁੰਦਰ ਦੇ ਤਲ ਤੇ, ਆਪਣੇ ਆਪ ਨੂੰ ਆਰਾਮ ਕਰਨ ਲਈ ਹੇਠਾਂ ਚਲਾ ਗਿਆ।

139 ਹੁਣ ਅਸੀਂ ਹਮੇਸ਼ਾ ਯੂਨਾਹ ਬਾਰੇ ਸੋਚਦੇ ਹਾਂ। ਅਤੇ ਹਰ ਕੋਈ ਕਹਿੰਦਾ ਹੈ, "ਹੁਣ ਮੇਰੇ ਲਈ ਪ੍ਰਾਰਥਨਾ ਕੀਤੀ ਗਈ ਸੀ, ਪਰ ਮੇਰੇ ਹੱਥ ਨੂੰ ਕੁਝ ਫਰਕ ਨਹੀਂ ਪਿਆ। ਮੇਰੇ ਲਈ ਪ੍ਰਾਰਥਨਾ ਕੀਤੀ ਗਈ ਸੀ, ਪਰ ਮੈਂ ਕੁਝ ਬਿਹਤਰ ਮਹਿਸੂਸ ਨਹੀਂ ਕਰਦਾ।" ਤੁਸੀਂ ਕਦੇ ਵੀ ਯੂਨਾਹ ਬਾਰੇ ਰੌਲਾ ਨਾ ਪਾਓ।

140 ਹੁਣ ਦੇਖੋ ਉਸ ਦੇ ਲੱਛਣ ਕੀ ਸਨ। ਹੁਣ, ਪਹਿਲੀ ਗੱਲ, ਉਹ ਬਾਹਰ ਇੱਕ ਤੂਫ਼ਾਨੀ ਸਮੁੰਦਰ ਉੱਤੇ ਸੀ, ਅਤੇ ਉਹ ਉਸ ਰਾਹ ਤੋਂ ਹੱਟ ਗਿਆ ਸੀ ਜਿਸ ਤੇ ਪਰਮੇਸ਼ੁਰ ਨੇ ਉਸ ਨੂੰ ਭੇਜਿਆ ਸੀ। ਉਸ ਦੇ ਹੱਥ ਅਤੇ ਪੈਰ ਬੰਨ੍ਹੇ ਹੋਏ ਸਨ। ਉਸਨੂੰ ਇੱਕ ਤੂਫ਼ਾਨੀ, ਭੜਕਦੇ ਸਮੁੰਦਰ ਵਿੱਚ ਸੁੱਟ ਦਿੱਤਾ ਗਿਆ, ਅਤੇ ਇੱਕ ਮੱਛੀ ਨੇ ਉਸਨੂੰ ਨਿਗਲ ਲਿਆ ਅਤੇ ਸਿੱਧਾ ਸਮੁੰਦਰ ਦੇ ਤਲ ਵਿੱਚ ਚਲੀ ਗਈ। ਅਤੇ ਉਹ ਉੱਥੇ ਉਲਟੀ ਵਿੱਚ, ਮੱਛੀ ਦੇ ਢਿੱਡ ਵਿੱਚ ਪਿਆ ਸੀ, ਉਸਦੀ ਗਰਦਨ ਦੁਆਲੇ ਸਮੁੰਦਰੀ ਬੂਟੀ ਸੀ। ਅਤੇ ਜੇ ਉਹ *ਇਸ* ਪਾਸੇ ਵੇਖਦਾ, ਤਾਂ ਇਹ ਮੱਛੀ ਦਾ ਢਿੱਡ ਸੀ। ਉਸ ਨੇ *ਇਸ* ਪਾਸੇ ਦੇਖਿਆ, ਇਹ ਮੱਛੀ ਦਾ ਢਿੱਡ ਸੀ। ਜਿਸ ਪਾਸੇ ਵੀ ਉਸ ਨੇ ਦੇਖਿਆ, ਇਹ ਮੱਛੀ ਦਾ ਢਿੱਡ ਸੀ। ਤੁਸੀਂ ਲੱਛਣਾਂ ਦੇ ਮਾਮਲੇ ਦੀ ਗੱਲ ਕਰਦੇ ਹੋ, ਹੋ ਸਕਦਾ ਹੈ ਉਸ ਕੋਲ ਇਹ ਹੋਣ। ਪਰ ਤੁਸੀਂ ਜਾਣਦੇ ਹੋ ਕਿ ਉਸਨੇ ਕੀ ਕਿਹਾ? ਉਸ ਨੇ ਕਿਹਾ, "ਉਹ ਵਿਅਰਥ ਵਸਤਾਂ ਤੇ ਮੰਨ ਲਾਉਂਦੇ ਹਨ। ਮੈਂ ਉਨ੍ਹਾਂ ਵੱਲ ਹੋਰ ਨਹੀਂ ਦੇਖਾਂਗਾ, ਪਰ ਮੈਂ ਇੱਕ ਵਾਰ ਫਿਰ ਤੇਰੇ ਪਵਿੱਤਰ ਮੰਦਰ ਵੱਲ ਦੇਖਾਂਗਾ।"

141 ਕਿਉਂਕਿ ਸਲੋਮਨ, ਧਰਤੀ ਦਾ ਇੱਕ ਪ੍ਰਾਕਿਰਤਿਕ ਆਦਮੀ, ਜਿਸਨੇ ਇੱਕ ਮੰਦਿਰ ਦੀ ਸਮਰਪਣ ਦੀ ਪ੍ਰਾਰਥਨਾ ਵਿੱਚ, ਕਿਹਾ ਸੀ, "ਹੇ ਪ੍ਰਭੂ, ਜੇਕਰ ਤੁਹਾਡੇ ਲੋਕ ਕਿਤੇ ਵੀ ਮੁਸੀਬਤ ਵਿੱਚ ਹੋਣ, ਅਤੇ ਇਸ ਪਵਿੱਤਰ ਸਥਾਨ ਵੱਲ ਵੇਖਣ,

ਤਾਂ ਸਵਰਗ ਤੋਂ ਸੁਣਨਾ।”

142 ਅਤੇ ਯੂਨਾਹ ਨੂੰ ਉਸ ਤੇ ਵਿਸ਼ਵਾਸ ਸੀ ਜੋ ਸੁਲੇਮਾਨ ਨੇ ਪ੍ਰਾਰਥਨਾ ਵਿਚ ਕਿਹਾ ਸੀ। ਅਤੇ ਪਰਮੇਸ਼ੁਰ ਨੇ ਉਸਨੂੰ ਤਿੰਨ ਦਿਨ ਅਤੇ ਰਾਤ ਬਾਅਦ, ਮੱਛੀ ਤੋਂ ਛੁਡਾਇਆ। ਹੋ ਸਕਦਾ ਹੈ ਕਿ ਉਸ ਨੇ ਉੱਥੇ ਆਕਸੀਜਨ ਦਾ ਤੰਬੂ ਲਾਇਆ ਹੋਵੇ। ਮੈਨੂੰ ਨਹੀਂ ਪਤਾ ਕਿ ਉਸਨੇ ਕੀ ਕੀਤਾ, ਪਰ ਉਸਨੇ ਉਸਨੂੰ ਵਚਨ ਦੇ ਅਨੁਸਾਰ, ਤਿੰਨ ਦਿਨ ਅਤੇ ਰਾਤਾਂ ਤੱਕ ਜਿਉਂਦਾ ਰੱਖਿਆ। ਅਤੇ ਵਚਨ ਸਹੀ ਹੈ।

143 ਖੈਰ, ਜੇ ਯੂਨਾਹ, ਉਨ੍ਹਾਂ ਹਾਲਤਾਂ ਵਿਚ, ਉਸ ਤੰਬੂ ਵੱਲ ਮੁੜ ਕੇ ਦੇਖ ਸਕਦਾ ਸੀ ਜੋ ਇਕ ਆਦਮੀ ਨੇ ਬਣਾਇਆ ਸੀ, ਤੁਹਾਨੂੰ ਅਤੇ ਮੈਨੂੰ ਅੱਜ ਰਾਤ ਕਿੰਨਾ ਜਿਆਦਾ, ਉਸ ਮੰਦਰ ਨੂੰ ਦੇਖਣਾ ਚਾਹੀਦਾ ਹੈ ਜਿੱਥੇ ਯਿਸੂ ਅੱਤ ਮਹਾਨ ਦੇ ਸੱਜੇ ਪਾਸੇ ਖੜ੍ਹਾ ਹੈ, ਆਪਣੇ ਲਹੂ ਦੇ ਨਾਲ, ਸਾਡੇ ਕਬੂਲੀਕਰਨ ਤੇ, ਸਾਡੇ ਛੋਟੇ ਲੱਛਣਾਂ ਤੇ, ਵਿਚੋਲਗੀ ਕਰ ਰਿਹਾ ਹੈ! ਯੂਨਾਹ ਦੀ ਨਿੰਦਿਆ ਨਾ ਕਰੋ, ਤੇ ਫਿਰ ਆਪਣੇ ਆਪ ਵਿੱਚ ਜੋ ਗਲਤ ਹੈ, ਉਸ ਨੂੰ ਵੇਖੋ। ਵਾਅਦੇ ਵੱਲ ਦੇਖੋ, “ਪਰਮੇਸ਼ੁਰ ਨੇ ਅਜਿਹਾ ਕਿਹਾ ਹੈ!” ਜੇਕਰ ਤੁਸੀਂ ਅਬਰਾਹਾਮ ਦੀ ਸੰਤਾਨ ਹੋ, “ਪਰਮੇਸ਼ੁਰ ਨੇ ਅਜਿਹਾ ਕਿਹਾ ਹੈ!” ਉਸਨੇ ਵਾਅਦਾ ਕੀਤਾ ਸੀ, ਅਤੇ ਇਹ ਨਾਲ ਗੱਲ ਖਤਮ ਹੋ ਜਾਂਦੀ ਹੈ।

144 ਧਿਆਨ ਦਿਓ, ਉੱਥੇ ਸਾਰੇ ਲੋਕ ਮੱਛੀਆਂ ਫੜ ਰਹੇ ਸਨ, ਅਤੇ ਆਪਣੇ ਜਾਲਾਂ ਅਤੇ ਚੀਜ਼ਾਂ ਨੂੰ ਖਿੱਚ ਰਹੇ ਸਨ। ਥੋੜ੍ਹੀ ਦੇਰ ਬਾਅਦ, ਸਮੁੰਦਰੀ-ਦੇਵਤਾ ਆਉਂਦਾ ਹੈ, ਵ੍ਹੇਲ ਮੱਛੀ, ਕੰਢੇ ਵੱਲ ਦੌੜਦੀ ਹੋਈ। ਹਰ ਕੋਈ ਗੋਡਿਆਂ ਭਾਰ ਹੋ ਗਿਆ। ਪਰਮੇਸ਼ੁਰ ਜਾਣਦਾ ਹੈ ਕਿ ਕੰਮ ਕਿਵੇਂ ਕਰਨਾ ਹੈ। ਅਤੇ ਉਹ ਕਿਨਾਰੇ ਤੇ ਪਹੁੰਚ ਗਿਆ ਅਤੇ ਆਪਣੀ ਜੀਭ ਨੂੰ ਬਾਹਰ ਕੱਢਿਆ, ਅਤੇ, ਜਦੋਂ ਉਸਨੇ ਕੀਤਾ, ਇੱਥੇ ਨਬੀ ਵ੍ਹੇਲ ਮੱਛੀ ਦੇ ਮੂੰਹ ਵਿੱਚੋਂ ਬਾਹਰ ਨਿਕਲਦਾ ਹੈ। ਨਬੀ! ਦੇਵਤੇ ਨੇ ਨਬੀ ਨੂੰ ਬਿਲਕੁਲ ਕਿਨਾਰੇ ਉੱਤੇ ਉਗਲੱਛ ਦਿੱਤਾ। ਕੋਈ ਹੈਰਾਨੀ ਨਹੀਂ ਕਿ ਉਨ੍ਹਾਂ ਨੇ ਤੋਬਾ ਕੀਤੀ। ਵੇਖਿਆ?

145 ਇਹ ਇੱਕ ਚਿੰਨ੍ਹ ਸੀ। ਯੂਨਾਹ ਦਾ ਮੱਛੀ ਦੁਆਰਾ ਬਾਹਰ ਨਿਕਲਣਾ, ਇੱਕ ਚਿੰਨ੍ਹ ਸੀ। ਉਸ ਨੇ ਕੀ ਕੀਤਾ? ਇਹ ਪਰਮੇਸ਼ੁਰ ਵੱਲੋਂ ਇੱਕ ਚਿਨ੍ਹ ਸੀ। ਅਵਾਜ਼ ਨੇ ਕੀ ਕਿਹਾ? “ਤੋਬਾ ਕਰੋ ਜਾਂ ਮਰ ਜਾਓ, ਚਾਲੀ ਦਿਨਾਂ ਵਿੱਚ।” ਪਰਮੇਸ਼ੁਰ ਦਾ ਚਿੰਨ੍ਹ; ਪਰਮੇਸ਼ੁਰ ਦੀ ਆਵਾਜ਼! ਹਮੇਸ਼ਾ, ਜਦੋਂ ਪਰਮੇਸ਼ੁਰ ਕੋਈ ਚਿੰਨ੍ਹ ਭੇਜਦਾ ਹੈ, ਤਾਂ ਪਰਮੇਸ਼ੁਰ ਉਸ ਚਿੰਨ੍ਹ ਦੇ ਪਿੱਛੇ ਆਪਣੀ ਆਵਾਜ਼ ਭੇਜਦਾ ਹੈ। ਧਿਆਨ ਦਿਓ, “ਤੋਬਾ ਕਰੋ, ਨਹੀਂ ਤਾਂ ਚਾਲੀ ਦਿਨਾਂ ਦੇ ਅੰਦਰ ਇਹ ਸਾਰਾ ਸ਼ਹਿਰ ਤਬਾਹ ਹੋ ਜਾਵੇਗਾ।”

146 ਯੂਹੰਨਾ ਨਬੀ ਦਾ ਧਰਤੀ ਉੱਤੇ ਪ੍ਰਗਟ ਹੋਣਾ, ਇੱਕ ਨਬੀ ਤੋਂ ਬਿਨਾਂ ਚਾਰ ਸੌ ਸਾਲਾਂ ਬਾਅਦ; ਚਾਰ ਸੌ ਸਾਲਾਂ ਬਾਅਦ ਉਸ ਦੇ ਪ੍ਰਗਟ ਹੋਣ ਦਾ ਚਿੰਨ੍ਹ। ਉਹ ਥੋੜ੍ਹਾ ਢਿੱਲਾ ਸਮਾਂ!

147 ਹੁਣ ਜੇ ਤੁਸੀਂ ਆਤਮਿਕ ਹੋ, ਤਾਂ ਤੁਸੀਂ ਉਹ ਸਮਝੋਗੇ ਜੋ ਮੈਂ ਕਹਿ ਰਿਹਾ ਹਾਂ। ਪਰਮੇਸ਼ੁਰ ਤੁਹਾਡੀ ਸਮਝ ਨੂੰ ਖੋਲ੍ਹ ਦੇਵੇ। ਕਿੰਨਾ ਚਿਰ ਹੋ ਗਿਆ ਹੈ?

148 ਚਾਰ ਸੌ ਸਾਲ, ਇਜ਼ਰਾਈਲ ਬਿਨਾਂ ਨਬੀ ਦੇ ਸੀ, ਕਲਿਸਿਆਵਾਂ ਦਾ ਇਸ ਕਦਰ ਵਿਗਾੜ ਕੀਤਾ ਗਿਆ ਸੀ, ਅਤੇ ਫਿਰ ਇੱਥੇ ਦ੍ਰਿਸ਼ ਤੇ ਯੂਹੰਨਾ ਆਉਂਦਾ ਹੈ। ਯੂਹੰਨਾ ਨਬੀ ਸੀ, ਇੱਕ ਚਿੰਨ੍ਹ ਸੀ ਕਿ ਮਸੀਹਾ ਉਸਦੇ ਬਾਅਦ ਬੋਲਣ ਜਾ ਰਿਹਾ ਸੀ। ਦੇਖੋ। ਕਿਉਂਕਿ, ਮਲਾਕੀ 3 ਨੇ ਕਿਹਾ, "ਮੈਂ ਆਪਣੇ ਅੱਗੇ ਆਪਣੇ ਦੂਤ ਨੂੰ ਘੱਲਦਾ ਹਾਂ, ਰਸਤਾ ਤਿਆਰ ਕਰਨ ਲਈ, ਲੋਕਾਂ ਨੂੰ ਤਿਆਰ ਕਰਨ ਲਈ।"

149 ਯੂਹੰਨਾ ਨੂੰ ਦੇਖੋ, ਉਸ ਵਿੱਚ ਕੋਈ ਸਵਾਰਥ ਨਹੀਂ ਸੀ। ਉਸ ਨੇ ਕਦੇ ਕੋਈ ਵਡਿਆਈ ਨਹੀਂ ਲਈ। ਉਨ੍ਹਾਂ ਨੇ ਉਸਨੂੰ ਮਸੀਹਾ ਕਹਿਣ ਦੀ ਕੋਸ਼ਿਸ਼ ਕੀਤੀ; ਪਰ ਉਸਨੇ ਕਿਹਾ, "ਮੈਂ ਉਸਦੀ ਜੁੱਤੀ ਖੋਲ੍ਹਣ ਦੇ ਲਾਇਕ ਵੀ ਨਹੀਂ ਹਾਂ।"

150 ਪਰ ਜਿਵੇਂ ਹੀ ਯਿਸੂ ਪ੍ਰਗਟ ਹੋਇਆ, ਉਸਦੇ ਕੋਲ ਇੱਕ ਚਿੰਨ੍ਹ ਸੀ, ਇੱਕ ਅੱਗ ਦਾ ਥੰਮ੍ਹ, ਉਸਦੇ ਉੱਪਰ ਇੱਕ ਜੋਤ ਸੀ, ਕਬੂਤਰ ਵਾਂਗ ਇੱਕ ਅਵਾਜ਼ ਇਹ ਆਖਦੇ ਹੇਠਾਂ ਆਈ, "ਇਹ ਮੇਰਾ ਪਿਆਰਾ ਪੁੱਤਰ ਹੈ, ਜਿਸ ਤੋਂ ਮੈਂ ਪ੍ਰਸੰਨ ਹਾਂ।"

151 ਧਿਆਨ ਦਿਓ, ਅਤੇ ਯੂਹੰਨਾ ਨੇ ਉਸੇ ਵੇਲੇ ਕਿਹਾ, "ਉਸਨੂੰ ਵਧਣਾ ਚਾਹੀਦਾ ਹੈ। ਮੈਨੂੰ ਘਟਣਾ ਚਾਹੀਦਾ ਹੈ।" ਉਸਨੇ ਨੂੰ ਕਲੀਸੀਆ ਮਸੀਹ ਲਈ ਪੇਸ਼ ਕੀਤਾ। ਆਮੀਨ।

152 ਸਾਨੂੰ ਦੱਸਿਆ ਗਿਆ ਹੈ ਕਿ, ਅੰਤਲੇ ਦਿਨਾਂ ਵਿੱਚ, ਇਹ ਦੁਬਾਰਾ ਦੁਹਰਾਇਆ ਜਾਵੇਗਾ! ਇੱਕ ਸੰਦੇਸ਼ ਆਉਣ ਵਾਲਾ ਹੈ, ਜੋ ਲੋਕਾਂ ਨੂੰ ਮਸੀਹਾ ਦੀ ਜਾਣ-ਪਛਾਣ ਕਰਾਏਗਾ। ਅਤੇ ਇਹ ਇਸ ਤਰ੍ਹਾਂ ਹੋਵੇਗਾ, ਉਹ ਹੱਕੇ-ਬੱਕੇ ਰਹਿ ਜਾਣਗੇ ਜਿਵੇਂ ਉਹ ਉਦੋਂ ਰਹਿ ਗਏ ਸਨ। ਉਸਨੇ ਇਸਦਾ ਵਾਅਦਾ ਕੀਤਾ ਸੀ। ਮੱਤੀ ਦਾ, ਮਲਾਕੀ ਦਾ ਅਗਲਾ ਅਧਿਆਏ ਸਾਨੂੰ ਇਸ ਬਾਰੇ ਦੱਸਦਾ ਹੈ। ਦੇਖੋ।

153 ਉਨ੍ਹਾਂ ਨੇ ਇਸ ਬਾਰੇ ਪੁੱਛਿਆ। ਯੂਹੰਨਾ ਦੇ ਸੁਭਾਅ ਨੇ ਉਸਨੂੰ ਏਲੀਯਾਹ ਦੀ ਆਤਮਾ ਵਿੱਚ ਪਛਾਣਿਆ। ਹੁਣ ਦੋ ਨਬੀਆਂ ਤੇ ਗੌਰ ਕਰੋ।

154 ਹੁਣ, ਏਲੀਯਾਹ ਇੱਕ ਆਦਮੀ ਸੀ ਜੋ ਇਸਰਾਏਲ ਦੇ ਸਮੇਂ ਵਿੱਚ, ਇੱਕ ਹਫੜਾ-ਦਫੜੀ ਵਿੱਚ ਉੱਠਿਆ ਸੀ।

155 ਅਹਾਬ ਰਾਜਾ ਸੀ। ਅਤੇ ਸਾਰੀਆਂ ਔਰਤਾਂ ਈਜ਼ਬਲ ਪਿੱਛੇ ਚਲੀਆਂ ਸਨ, ਅਤੇ ਸ਼ਾਇਦ ਵਾਲਾਂ ਦੇ ਛੱਜੇ ਅਤੇ ਸਭ ਤਰ੍ਹਾਂ ਦੇ ਰਿਵਾਜ ਅਪਣਾਏ ਹੋਣਗੇ, ਸ਼ਾਇਦ ਜਿਵੇਂ ਅੱਜ ਸਾਡੇ ਕੋਲ ਹੈ। ਅਤੇ ਸਾਰੀਆਂ ਈਜ਼ਬਲ ਦੇ ਮਗਰ ਲਗ ਤੁਰੀਆਂ ਸਨ। ਅਤੇ ਪਾਸਟਰਾਂ ਨੇ ਸੋਚਿਆ ਕਿ ਇਹ ਬਸ ਠੀਕ ਹੈ। "ਉਨ੍ਹਾਂ ਨੂੰ ਇਕੱਲੇ ਰਹਿਣ ਦਿਓ। ਉਨ੍ਹਾਂ ਨੂੰ ਅਜਿਹਾ ਕਰਨ ਦਿਓ।"

156 ਅਤੇ ਉਸ ਸਮੇਂ, ਪਰਮੇਸ਼ੁਰ ਨੇ ਏਲੀਯਾਹ ਨਾਮ ਦੇ ਆਦਮੀ ਨੂੰ, ਉਜਾੜ ਵਿੱਚੋਂ ਉਠਾਇਆ। ਸਾਨੂੰ ਇਹ ਵੀ ਨਹੀਂ ਪਤਾ ਕਿ ਉਹ ਕਿੱਥੋਂ ਆਇਆ ਸੀ। ਉਸ ਕੋਲ ਉਸ ਦੀ ਪਛਾਣ ਦੱਸਣ ਲਈ ਕੋਈ ਸਕੂਲ ਨਹੀਂ ਸੀ। ਪਰ ਉਸਨੇ ਉੱਠਿਆ, ਅਤੇ ਉਸਨੇ ਉਨ੍ਹਾਂ ਸਾਰੀਆਂ ਚੀਜ਼ਾਂ ਦੀ ਨਿੰਦਾ ਕੀਤੀ। ਉਸ ਨੇ ਪੂਰੇ ਪ੍ਰਬੰਧ ਦੀ ਨਿੰਦਾ ਕੀਤੀ।

157 ਜੇਕਰ ਉਹ ਅੱਜ ਦ੍ਰਿਸ਼ ਤੇ ਆਉਂਦਾ ਹੈ, ਤਾਂ ਉਹ ਸਾਡੇ ਪ੍ਰਬੰਧ ਦੀ ਵੀ ਨਿੰਦਾ ਕਰੇਗਾ।

158 ਉਸਨੇ ਹਰ ਈਜ਼ਬਲ ਦੀ ਨਿੰਦਾ ਕੀਤੀ। ਅਤੇ ਆਖਰਕਾਰ, ਇਹ ਈਜ਼ਬਲ ਹੀ ਸੀ ਜਿਸ ਨੇ ਨਬੀ ਨੂੰ ਢਾਹ ਦਿੱਤਾ। ਯੂਹੰਨਾ ਵਾਂਗ, ਭੱਜ ਗਿਆ; ਰਤਮੇ ਦੇ ਰੁੱਖ ਹੇਠ ਜਾ ਬੈਠਾ ਜਦੋਂ ਈਜ਼ਬਲ ਉਸਨੂੰ ਮਾਰਨ ਵਾਲੀ ਸੀ। ਉਹ ਉਸਨੂੰ ਨਫ਼ਰਤ ਕਰਦੀ ਸੀ।

159 ਅਤੇ ਫਿਰ ਅਸੀਂ ਵੇਖਦੇ ਹਾਂ ਕਿ ਜਦੋਂ ਯੂਹੰਨਾ ਦੁਬਾਰਾ ਜੰਗਲ ਵਿਚੋਂ ਬਾਹਰ ਆਇਆ, ਉਹ ਜੰਗਲ ਨੂੰ ਪਿਆਰ ਕਰਨ ਵਾਲਾ ਸੀ, ਆਧੁਨਿਕ ਔਰਤਾਂ ਲਈ ਇੱਕ ਸਿੱਧਾ ਸੰਦੇਸ਼ ਲੈ ਕੇ ਆਇਆ, ਜੋ ਤਲਾਕਸ਼ੁਦਾ, ਵਿਆਹੇ ਹੋਏ ਅਤੇ ਦੁਬਾਰਾ ਵਿਆਹੀਆਂ ਹੋਈਆਂ ਸਨ, ਉਸ ਨੇ ਇਸ ਨੂੰ ਟੁਕੜੇ-ਟੁਕੜੇ ਕਰ ਦਿੱਤਾ। ਉਹ ਕਿਸੇ ਵੀ ਸਕੂਲ ਤੋਂ ਨਹੀਂ ਆਇਆ ਸੀ। ਉਹ ਪਰਮੇਸ਼ੁਰ ਵੱਲੋਂ ਆਇਆ ਸੀ, ਪਰਮੇਸ਼ੁਰ ਵਲੋਂ ਭੇਜਿਆ ਹੋਇਆ ਇਕ ਵਿਅਕਤੀ ਸੀ। ਉਸ ਨੇ ਆਧੁਨਿਕ ਔਰਤਾਂ ਨੂੰ ਸਖ਼ਤੀ ਨਾਲ ਨਿੰਦਿਆ, ਅਤੇ ਕਦੇ ਵੀ ਪਿੱਛੇ ਨਹੀਂ ਹਟਿਆ। ਪਰ ਉਸ ਨੇ ਸਾਫ਼-ਸਾਫ਼ ਕਿਹਾ ਕਿ ਸਮਾਂ ਨੇੜੇ ਆ ਗਿਆ ਸੀ, ਮਸੀਹਾ ਬੋਲਣ ਵਾਲਾ ਸੀ। ਇਹਦੇ ਬਾਰੇ ਸੋਚੋ।

160 ਹੁਣ ਏਲੀਯਾਹ ਦੀ ਪਹਿਲੀ ਆਮਦ ਦੇ ਸਮੇਂ ਦੀ ਤੁਲਨਾ ਅੱਜ ਦੇ ਕੁਝ ਆਧੁਨਿਕ ਨਬੀਆਂ ਨਾਲ ਕਰੋ, ਆਪਣੀਆਂ ਈਜ਼ਬਲਾਂ ਨੂੰ ਆਪਣੇ ਵਾਲ ਕਟਾਉਣ ਦੇ ਰਹੇ ਹਨ, ਅਤੇ ਛੋਟੇ ਕੱਪੜੇ ਪਹਿਨਣ, ਸਿਗਰੇਟ ਪੀਣ ਦੇ ਰਹੇ ਹਨ, ਜੋ ਕੁਝ ਵੀ ਉਹ ਕਰਨਾ ਚਾਹੁੰਦੀਆਂ ਹਨ, ਉਹਨਾਂ ਦੇ ਨਾਲ ਜਾ ਰਹੇ ਹਨ। ਕੁਝ ਨਾ ਕਹਿਣਾ ਹੀ ਬਿਹਤਰ ਹੈ, ਨਹੀਂ ਤਾਂ ਉਹ ਉਸਨੂੰ ਛੱਡ ਦੇਵੇਗੀ, ਕਿਸੇ ਹੋਰ ਨੂੰ ਲੈ ਲਵੇਗੀ। ਮਨੁੱਖ ਦੁਆਰਾ ਬਣਾਏ ਗਏ ਅਕੀਦਿਆਂ ਵੱਲ ਉਹਨਾਂ ਦੀ

ਅਗਵਾਈ ਕਰਦੇ ਹਨ; ਇਹ ਸ਼ਰਮ ਦੀ ਗੱਲ ਹੈ, ਮਨੁੱਖ ਦੇ ਸਿਧਾਂਤ। ਅਤੇ, ਅਜਿਹਾ ਕਰਕੇ, ਉਹ ਪਰਮੇਸ਼ੁਰ ਦੇ ਹੁਕਮਾਂ ਨੂੰ ਪ੍ਰਭਾਵ ਰਹਿਤ ਬਣਾਉਂਦੇ ਹਨ, ਕਿਉਂਕਿ ਉਹ ਕਲੀਸਿਯਾ ਵਿਚ ਸ਼ਾਮਲ ਹੋ ਸਕਦੇ ਹਨ ਅਤੇ ਅਜੇ ਵੀ ਮਸੀਹੀ ਹੋਣ ਦਾ ਦਾਅਵਾ ਕਰਦੇ ਹਨ, ਅਤੇ ਆਪਣੇ ਅਧਿਕਾਰਾਂ ਨੂੰ ਫੜੀ ਰੱਖਦੇ ਹਨ ਅਤੇ ਕਹਿੰਦੇ ਹਨ ਕਿ ਉਹ ਮਸੀਹੀ ਹਨ, ਅਤੇ ਚੱਲਦੇ ਰਹਿੰਦੇ ਹਨ। ਇਹੀ ਉਹ ਚਾਹੁੰਦੇ ਹਨ। ਉਨ੍ਹਾਂ ਨੇ ਉਦੋਂ ਇਹੀ ਕੀਤਾ ਸੀ।

161 ਪਰ, ਯਾਦ ਰੱਖੋ, ਇਹ ਅਜਿਹੇ ਸਮੇਂ ਤੇ ਹੈ, ਜਿਵੇਂ ਪਰਮੇਸ਼ੁਰ ਨੇ ਮਲਾਕੀ 4 ਵਿੱਚ ਵਾਅਦਾ ਕੀਤਾ ਸੀ, ਕਿ ਉਹ ਵਚਨ ਨੂੰ ਦੁਬਾਰਾ ਪੂਰਾ ਕਰੇਗਾ। ਇਹ ਠੀਕ ਹੈ। ਦੇਖੋ ਕਿ ਅੱਜ ਅਸੀਂ ਕਿੱਥੇ ਹਾਂ, ਬਿਲਕੁਲ ਉਸੇ ਤਰ੍ਹਾਂ ਜਿਵੇਂ ਇਹ ਯੂਹੰਨਾ ਦੇ ਸਮੇਂ ਵਿੱਚ ਸੀ, ਬਿਲਕੁਲ ਉਸੇ ਤਰ੍ਹਾਂ ਜਿਵੇਂ ਇਹ ਦੂਜੇ ਸਮਿਆਂ ਵਿੱਚ ਸੀ।

162 ਇਸ ਛੋਟੇ ਜਿਹੇ ਬੁੱਢੇ ਅਮੋਸ ਨੂੰ ਦੇਖੋ, ਇੱਕ ਛੋਟਾ ਜਿਹਾ ਬਜੁਰਗ ਆਦਮੀ ਸੀ। ਸਾਨੂੰ ਨਹੀਂ ਪਤਾ ਕਿ ਉਹ ਕਿੱਥੋਂ ਆਇਆ ਸੀ। ਉਹ ਇੱਕ ਚਰਵਾਹਾ ਸੀ। ਪਰਮੇਸ਼ੁਰ ਉਸਨੂੰ ਭੇਡਾਂ ਦੀ ਜੂਹਾਂ ਅਤੇ ਗਾਂਵਾਂ ਦੀਆਂ ਜੂਹਾਂ ਵਿੱਚ ਲੈ ਜਾ ਰਿਹਾ ਸੀ, ਅਤੇ, ਅਤੇ ਉਸਨੂੰ ਸਿਖਲਾਈ ਦੇ ਰਿਹਾ ਸੀ। ਅਤੇ ਜਦੋਂ ਉਹ ਸਾਮਰਿਯਾ ਵਿੱਚ ਆਇਆ, ਅਤੇ ਜਦੋਂ ਉਹ ਉਸ ਦਿਨ ਉੱਠਿਆ ਅਤੇ ਉਸ ਪਹਾੜੀ ਉੱਤੇ ਖੜ੍ਹਾ ਹੋਇਆ, ਤਾਂ ਉੱਥੇ ਹੇਠਾਂ ਤੱਕਿਆ। ਅਤੇ ਉਹ ਸੂਰਜ ਉਸ ਦੇ ਗੰਜੇ ਸਿਰ ਤੇ ਚਮਕ ਰਿਹਾ ਸੀ, ਅਤੇ ਉਸ ਦੀਆਂ ਚਿੱਟੀਆਂ ਮੁੱਛਾਂ, ਅਤੇ ਉਸ ਦੀਆਂ ਅੱਖਾਂ ਚਮਕਦੀਆਂ ਸਨ। ਉਸ ਦੀਆਂ ਧਰਮੀ ਅੱਖਾਂ ਨੇ ਝਪਕੀ ਲਈ, ਉਨ੍ਹਾਂ ਦ੍ਰਿਸ਼ਾਂ ਕਰਕੇ ਨਹੀਂ ਜੋ ਸੈਲਾਨੀਆਂ ਨੇ ਇਸ ਵਿਚ ਆਉਂਦੇ ਹੋਏ ਵੇਖੇ ਸਨ, ਕਿਉਂਕਿ ਸਾਰਾ ਸ਼ਹਿਰ ਪਾਪ ਵਿੱਚ ਡੁਬਿਆ ਹੋਇਆ ਸੀ।

163 ਇਹ ਛੋਟਾ, ਅਣਜਾਣ ਵਿਅਕਤੀ ਕੌਣ ਹੈ? ਹਾਂ, ਇਹ ਆਮੋਸ, ਨਬੀ ਹੈ। ਉਸਨੇ ਦੂਜੇ ਯਾਰਾਬੁਆਮ ਦੇ ਦਿਨਾਂ ਵਿੱਚ ਭਵਿੱਖਬਾਣੀ ਕੀਤੀ ਸੀ, ਇੱਕ ਬੇਮੁਖ ਰਾਜਾ ਸੀ, ਲੋਕਾਂ ਨੂੰ ਕੁਝ ਵੀ ਕਰਨ ਦਿੰਦਾ ਸੀ। ਸਾਰੇ ਜਾਜਕ ਵੀ ਇਸ ਵਿੱਚ ਸ਼ਾਮਲ ਸਨ। ਉਨ੍ਹਾਂ ਨੇ ਸਭ ਤੋਂ ਵਧੀਆ ਗਿਰਜੇ ਬਣਾਏ। ਉਨ੍ਹਾਂ ਕੋਲ ਸਰਬੋਤਮ ਪਹਿਰਾਵਾ ਸੀ। ਉਨ੍ਹਾਂ ਦੀਆਂ ਔਰਤਾਂ ਬਦਚਲਨ ਸਨ। ਉਹ ਜਿਸ ਤਰ੍ਹਾਂ ਵੀ ਚਾਹੁੰਦੀਆਂ ਸਨ ਉਸੇ ਤਰ੍ਹਾਂ ਪਹਿਰਾਵਾ ਪਹਿਣਦੀਆਂ ਸਨ। ਸੈਲਾਨੀਆਂ ਦੀ ਭੀੜ ਹਰ ਥਾਂ ਤੋਂ ਆਉਂਦੀ ਸੀ, ਸੁੰਦਰ ਕੁੜੀਆਂ ਨੂੰ ਅਤੇ ਉਨ੍ਹਾਂ ਦੇ ਓਹੜ-ਪੋਹੜ ਨੂੰ ਵੇਖਣ ਲਈ।

164 ਬਿਲਕੁਲ ਇੱਕ ਆਧੁਨਿਕ ਯੂ.ਐਸ.ਏ., ਪਰਮੇਸ਼ੁਰ ਦੇ ਲੋਕ ਹੋਣਾ ਚਾਹੀਦਾ ਸੀ। ਕੋਈ ਵੀ ਇਸ ਬਾਰੇ ਕੁਝ ਨਹੀਂ ਕਹਿੰਦਾ। ਇਹ ਲੋਕਾਂ ਉੱਤੇ ਅਜਿਹੀ ਪਕੜ

ਲਗਦੀ ਹੈ। ਪੰਦ-...

165 ਹੁਣ ਅਠਾਰਾਂ ਸਾਲ, ਅੱਜ! ਮੇਰੀ ਰਿਬਕਾਹ ਅੱਜ, ਅਠਾਰਾਂ ਸਾਲਾਂ ਦੀ ਹੈ। ਅਠਾਰਾਂ ਸਾਲ, ਮੈਂ ਇਹਨਾਂ ਚੀਜ਼ਾਂ ਦੀ ਨਿੰਦਾ ਕਰਦਿਆਂ, ਇਸ ਦੇਸ਼ ਵਿੱਚ ਦੌਰਾ ਕੀਤਾ ਹੈ। ਅਤੇ ਜਦੋਂ ਮੈਂ ਵਾਪਸ ਆਉਂਦਾ ਹਾਂ, ਸਾਲ-ਦਰ-ਸਾਲ, ਉੱਥੇ ਵਧੇਰੇ ਛੋਟੇ ਵਾਲਾਂ ਵਾਲੀਆਂ ਔਰਤਾਂ ਹੁੰਦੀਆਂ ਹਨ ਜਦੋਂ ਮੈਂ ਪਹਿਲੀ ਵਾਰ ਸ਼ੁਰੂ ਕੀਤਾ ਸੀ।

166 ਇੱਕ ਮਹਾਨ, ਮਸ਼ਹੂਰ ਪੇਂਟੇਕੋਸਟਲ ਪ੍ਰਚਾਰਕ ਮੈਨੂੰ ਇੱਕ ਕਮਰੇ ਵਿੱਚ ਲੈ ਗਿਆ, ਲਗਭਗ ਇੱਕ ਸਾਲ ਪਹਿਲਾਂ, ਵਧੀਆ, ਮਸ਼ਹੂਰ, ਵਿਸ਼ਵ-ਵਿਆਪੀ ਮਸ਼ਹੂਰ ਆਦਮੀ ਸੀ। ਉਸ ਨੇ ਕਿਹਾ ਮੈਂ..."ਭਾਈ ਬ੍ਰਨਹਾਮ, ਮੈਨੂੰ ਤੁਹਾਡੇ ਉੱਤੇ ਹੱਥ ਰੱਖ ਕੇ ਪ੍ਰਾਰਥਨਾ ਕਰਨ ਦਿਓ।"

ਮੈਂ ਕਿਹਾ, "ਮੈਂ ਬਿਮਾਰ ਨਹੀਂ ਹਾਂ।"

167 ਉਸ ਨੇ ਕਿਹਾ, "ਪਰ ਕੁਝ ਗਲਤ ਹੈ।" ਉਸ ਨੇ ਕਿਹਾ, "ਭਾਈ ਬ੍ਰਨਹਾਮ, ਤੁਸੀਂ ਆਪਣੀ ਸੇਵਕਾਈ ਨੂੰ ਬਰਬਾਦ ਕਰ ਦਿਓਗੇ। ਕੋਈ ਵੀ ਸਹਿਯੋਗ ਨਹੀਂ ਕਰੇਗਾ। ਕੋਈ ਹੈਰਾਨੀ ਨਹੀਂ ਕਿ ਪ੍ਰਚਾਰਕ ਤੁਹਾਡੇ ਨਾਲ ਸਹਿਯੋਗ ਨਹੀਂ ਕਰਨਗੇ; ਕਿਉਂਕਿ ਜਿਸ ਤਰ੍ਹਾਂ ਤੁਸੀਂ ਉਨ੍ਹਾਂ ਔਰਤਾਂ ਦੀ ਨਿੰਦਾ ਕਰਦੇ ਹੋ।" ਉਸ ਨੇ ਕਿਹਾ, "ਉਹ ਲੋਕ ਤੁਹਾਨੂੰ ਨਬੀ ਕਹਿੰਦੇ ਹਨ।"

ਮੈਂ ਕਿਹਾ, "ਮੈਂ ਕਦੇ ਨਹੀਂ ਕਿਹਾ ਕਿ ਮੈਂ ਹਾਂ।"

168 ਉਸ ਨੇ ਕਿਹਾ, "ਪਰ ਉਹ ਸੋਚਦੇ ਹਨ ਕਿ ਤੁਸੀਂ ਹੋ।" ਉਸ ਨੇ ਕਿਹਾ, "ਮੈਂ ਵੀ ਇਹੀ ਗੱਲ ਮੰਨਦਾ ਹਾਂ।" ਉਸ ਨੇ ਕਿਹਾ, "ਤੁਹਾਨੂੰ ਬਿਮਾਰਾਂ ਲਈ ਪ੍ਰਾਰਥਨਾ ਕਰਨ ਲਈ ਬੁਲਾਇਆ ਗਿਆ ਸੀ।" ਉਸ ਨੇ ਕਿਹਾ, "ਬਿਮਾਰਾਂ ਲਈ ਪ੍ਰਾਰਥਨਾ ਕਰੋ, ਅਤੇ ਉਨ੍ਹਾਂ ਔਰਤਾਂ ਨੂੰ ਆਪਣੇ ਹਾਲ ਤੇ ਛੱਡ ਦਿਓ। ਤੁਸੀਂ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ।"

ਮੈਂ ਕਿਹਾ, "ਕਿਵੇਂ?"

169 ਉਸ ਨੇ ਕਿਹਾ, "ਉਨ੍ਹਾਂ ਦੇ ਛੋਟੇ ਕੱਟੇ ਹੋਏ ਵਾਲ ਅਤੇ ਚੀਜ਼ਾਂ ਪਹਿਨਣ ਬਾਰੇ ਗੱਲ ਕਰਕੇ।"

ਮੈਂ ਕਿਹਾ, "ਉਹ ਗਲਤ ਹੈ।"

170 ਬਾਈਬਲ ਨੇ ਕਿਹਾ, "ਇੱਕ ਔਰਤ ਜੋ—ਜੋ ਉਸਦੇ ਵਾਲ ਕੱਟਦੀ ਹੈ, ਉਸਦੇ ਪਤੀ ਕੋਲ ਉਸਨੂੰ ਤਲਾਕ ਦੇਣ ਦਾ ਅਧਿਕਾਰ ਹੈ।" ਬਿਲਕੁਲ ਸਹੀ। "ਉਹ ਆਪਣੇ ਸਿਰ ਦਾ ਨਿਰਾਦਰ ਕਰਦੀ ਹੈ।" ਇਹੀ ਹੈ ਜੋ ਬਾਈਬਲ ਨੇ

ਕਿਹਾ ਹੈ। ਹੁਣ ਮੈਨੂੰ ਨਹੀਂ ਪਤਾ ਕਿ ਤੁਸੀਂ ਇਹ ਪਸੰਦ ਕਰਦੇ ਹੋ ਜਾਂ ਨਹੀਂ, ਪਰ ਇਹ ਉਹੀ ਹੈ ਜੋ ਬਾਈਬਲ ਨੇ ਕਿਹਾ ਹੈ, ਪਹਿਲੇ ਕੁਰਿੰਥੀਆਂ ਵਿੱਚ।

171 [ਟੇਪ ਤੇ ਖਾਲੀ ਥਾਂ—ਸੰਪਾ.]...ਇੰਨ੍ਹੇ ਤੰਗ ਕੱਪੜੇ ਪਾਉਂਦੀਆਂ ਹਨ ਜਦੋਂ ਤੱਕ ਚਮੜੀ ਬਾਹਰ ਨਹੀਂ ਆ ਜਾਂਦੀ। ਅਤੇ ਫਿਰ ਉਹ—ਉਹ ਆਲੇ ਦੁਆਲੇ ਆਉਂਦੀਆਂ ਹਨ, ਕਹਿੰਦਿਆਂ ਹਨ, "ਕਿਉਂ, ਸ਼੍ਰੀ ਮਾਨ ਬ੍ਰਨਹਾਮ, ਉਹ ਸਿਰਫ਼ ਇਸੇ ਹੀ ਕਿਸਮ ਦੀ ਕੱਪੜੇ ਵੇਚਦੇ ਹਨ।"

172 ਉਨ੍ਹਾਂ ਕੋਲ ਅਜੇ ਵੀ ਸਾਮਾਨ ਅਤੇ ਸਿਲਾਈ ਮਸ਼ੀਨਾਂ ਹਨ। ਕੋਈ ਬਹਾਨਾ ਨਹੀਂ ਹੈ। ਅਮੀਸ਼ ਅਤੇ ਡੰਕਾਰਡ ਔਰਤਾਂ ਅਜੇ ਵੀ ਇਨ੍ਹਾਂ ਨੂੰ ਪਹਿਨਦੀਆਂ ਹਨ। ਯਕੀਨਨ। [ਕਲੀਸਿਯਾ ਤਾੜੀਆਂ ਵਜਾਉਂਦੀ ਹੈ—ਸੰਪਾ.]

ਅਤੇ ਕੀ ਹੁੰਦਾ ਹੈ? ਉਹ ਬਾਹਰ ਨਿਕਲਦੀਆਂ ਹਨ ਅਤੇ ਅਜਿਹਾ ਜਾਰੀ ਰੱਖਦੀਆਂ ਹਨ।

173 ਇੱਕ ਔਰਤ ਨੇ ਕਿਹਾ, "ਠੀਕ ਹੈ, ਸ਼੍ਰੀ ਮਾਨ ਬ੍ਰਨਹਾਮ, ਮੈਂ ਛੋਟੇ ਕੱਪੜੇ ਨਹੀਂ ਪਹਿਨਦੀ। ਮੈਂ ਪਹਿਣਦੀ..." ਉਹ ਕੀ ਹੈ, ਪੈਡਲ ਪੁ-...[ਇੱਕ ਭਾਈ ਕਹਿੰਦਾ ਹੈ, "ਪੈਡਲ ਪੁਸ਼ਰ।"—ਸੰਪਾ.] ਹਾਂ। ਕਿਹਾ, "ਮੈਂ ਉਹਨਾਂ ਨੂੰ ਪਹਿਨਦੀ ਹਾਂ।"

174 ਮੈਂ ਕਿਹਾ, "ਇਹ ਤਾਂ ਹੋਰ ਵੀ ਬੁਰਾ ਹੈ।" ਮੈਂ ਕਿਹਾ, "ਬਾਈਬਲ ਕਹਿੰਦੀ ਹੈ, 'ਇੱਕ ਤੀਵੀਂ ਲਈ ਇੱਕ ਮਰਦ ਵਰਗੇ ਕੱਪੜੇ ਪਾਉਣਾ ਘਿਣਾਉਣੀ ਗੱਲ ਹੈ।'" ਅਤੇ ਹੁਣ ਇਹ ਸੰਯੁਕਤ ਰਾਜ ਅਮਰੀਕਾ ਕਿਸ ਤਰ੍ਹਾਂ ਦਾ ਗੰਦਾ-ਦਿੱਖਣ ਵਾਲਾ ਦ੍ਰਿਸ਼ ਹੈ! ਵੇਖਿਆ? ਇਹ ਠੀਕ ਹੈ।

175 ਮੈਂ ਤੁਹਾਨੂੰ ਕੁਝ ਦੱਸਾਂ, ਭੈਣ। ਤੁਸੀਂ ਆਪਣੇ ਪਤੀ ਜਾਂ ਆਪਣੇ ਲੜਕੇ ਦੋਸਤ ਲਈ ਕਮਲ ਵਾਂਗ ਸ਼ੁੱਧ ਹੋ ਸਕਦੀਆਂ ਹੋ, ਪਰ ਨਿਆਂ ਦੇ ਦਿਨ ਤੁਸੀਂ ਵਿਭਚਾਰ ਕਰਨ ਲਈ ਜਵਾਬ ਦੇਣ ਜਾ ਰਹੀਆਂ ਹੋ। ਯਿਸੂ ਨੇ ਕਿਹਾ, "ਜੋ ਕੋਈ ਕਿਸੇ ਔਰਤ ਵੱਲ ਬੁਰੀ ਇੱਛਿਆ ਨਾਲ ਵੇਖਦਾ ਹੈ, ਉਹ ਪਹਿਲਾਂ ਹੀ ਉਸ ਨਾਲ ਜਨਾਹ ਕਰ ਚੁੱਕਾ।" ਜੇ ਉਸ ਪਾਪੀ ਨੇ ਤੁਹਾਡੇ ਵੱਲ ਦੇਖਿਆ, ਅਤੇ ਉਸ ਨੂੰ ਨਿਆਂ ਦੇ ਦਿਨ ਜਵਾਬ ਦੇਣਾ ਪਏਗਾ। ਤੁਸੀਂ ਆਪਣੇ ਆਪ ਨੂੰ ਉਸ ਅੱਗੇ ਪੇਸ਼ ਕੀਤਾ। ਤੁਹਾਡੀ ਮਰਜੀ ਹੈ। ਊਂ-ਹੂੰ ।

176 ਇੱਕ ਧਰਮੀ ਔਰਤ ਇਸ ਤਰ੍ਹਾਂ ਦੇ ਕੱਪੜੇ ਕਿਉਂ ਪਾਉਣਾ ਚਾਹੇਗੀ? ਫਿਰ ਤੁਸੀਂ ਪਵਿੱਤਰ ਆਤਮਾ ਪਾਏ ਹੋਣ ਦਾ ਦਾਅਵਾ ਕਰਦੀਆਂ ਹੋ ਕਿਉਂਕਿ ਤੁਸੀਂ ਪਰਾਈਆਂ ਭਾਸ਼ਾਵਾਂ ਵਿੱਚ ਬੋਲੇ ਸੀ ਅਤੇ ਫਰਸ਼ ਤੇ ਉੱਪਰ ਅਤੇ ਹੇਠਾਂ ਦੌੜੇ ਸੀ। ਇਹ, ਹਾਲਾਂਕਿ, ਮੈਂ ਮੂਰਤੀਪੂਜਕਾਂ ਨੂੰ ਅਜਿਹਾ ਕਰਦੇ ਦੇਖਿਆ ਹੈ, ਹੌਟੈਂਟੋਟ। ਪਵਿੱਤਰ ਆਤਮਾ ਸ਼ੁੱਧਤਾ ਹੈ, ਪਵਿੱਤਰ, ਬੇਦਾਗ ਹੈ। ਯਕੀਨਨ।

177 ਇਸ ਆਦਮੀ ਨੇ ਕਿਹਾ, "ਜੇਕਰ ਤੁਸੀਂ ਹੋ...ਉਹ ਤੁਹਾਨੂੰ ਨਬੀ ਮੰਨਦੇ ਹਨ। ਤੁਸੀਂ ਉਨ੍ਹਾਂ ਨੂੰ ਕਿਉਂ ਨਹੀਂ ਸਿਖਾਉਂਦੇ ਕਿ ਮਹਾਨ ਆਤਮਿਕ ਦਾਨ ਕਿਵੇਂ ਪ੍ਰਾਪਤ ਕਰਨੇ ਹਨ, ਅਤੇ ਪਰਮੇਸ਼ੁਰ ਲਈ ਕੰਮ ਕਿਵੇਂ ਕਰਨੇ ਹਨ? ਤੁਸੀਂ ਉਨ੍ਹਾਂ ਨੂੰ ਕਿਉਂ ਨਹੀਂ ਸਿਖਾਉਂਦੇ ਕਿ ਕੀ ਤੁਸੀਂ ਇੱਕ ਨਬੀ ਹੋ?"

178 ਮੈਂ ਕਿਹਾ, "ਮੈਂ ਉਨ੍ਹਾਂ ਨੂੰ ਬੀਜ ਗਣਿਤ ਕਿਵੇਂ ਸਿਖਾ ਸਕਦਾ ਹਾਂ ਜਦੋਂ ਉਹ ਆਪਣੀ ਏ.ਬੀ.ਸੀ. ਵੀ ਨਹੀਂ ਸਿੱਖਦੇ?" ਤੁਸੀਂ ਜਾਣਦੇ ਹੋ ਕਿ *ABC* ਦਾ ਕੀ ਮਤਲਬ ਹੈ? "ਹਮੇਸ਼ਾ ਮਸੀਹ ਵਿੱਚ ਵਿਸ਼ਵਾਸ ਕਰੋ।" ਊਂ-ਹੂੰ। ਤੁਸੀਂ ਇਹ ਕਿਵੇਂ ਕਰਨ ਜਾ ਰਹੇ ਹੋ? ਦੇਖੋ, ਤੁਸੀਂ *ਇੱਥੋਂ* ਹੇਠਾਂ ਸ਼ੁਰੂ ਕਰਨ ਦੀ ਬਜਾਏ, *ਉੱਥੇ* ਉੱਪਰ ਜਾਣਾ ਚਾਹੁੰਦੇ ਹੋ।

179 ਪਰਮੇਸ਼ੁਰ ਆਪਣੀ ਕਲੀਸਿਯਾ ਨੂੰ ਯਿਸੂ ਮਸੀਹ ਦੀ ਨੀਂਹ ਉੱਤੇ ਬਣਾਏਗਾ, ਅਤੇ ਇਹ ਬਾਈਬਲ ਹੈ। ਉਸ ਤੋਂ ਬਾਹਰ, ਬਾਕੀ ਸਾਰੀ ਧਰਤੀ ਧੱਸਦੀ ਹੋਈ ਰੇਤ ਹੈ। ਪਰਮੇਸ਼ੁਰ ਨਹੀਂ ਬਦਲਦਾ। ਉਸਦਾ ਸੁਭਾਅ ਨਹੀਂ ਬਦਲਦਾ।

180 ਉਸਨੇ ਔਰਤਾਂ ਨੂੰ ਆਦਮੀਆਂ ਤੋਂ ਵੱਖਰਾ ਬਣਾਇਆ, ਅਤੇ ਆਦਮੀਆਂ ਨੂੰ ਔਰਤਾਂ ਤੋਂ ਵੱਖਰਾ ਬਣਾਇਆ। ਉਸ ਨੇ ਉਨ੍ਹਾਂ ਨੂੰ ਵੱਖਰਾ ਪਹਿਰਾਵਾ ਪਹਿਨਾਇਆ, ਅਤੇ ਉਹ ਚਾਹੁੰਦਾ ਹੈ ਕਿ ਉਹ ਇਸ ਤਰ੍ਹਾਂ ਰਹਿਣ। ਸਮਝੇ? ਔਰਤਾਂ ਮਰਦਾਂ ਵਾਂਗ ਦਿਖਣਾ ਚਾਹੁੰਦੀਆਂ ਹਨ, ਅਤੇ ਮਰਦ ਔਰਤਾਂ ਵਾਂਗ ਦਿਖਣਾ ਚਾਹੁੰਦੇ ਹਨ। ਔਹ, ਮੇਰੇ! ਅਜਿਹਾ ਵਿਗਾੜ! ਇਹ ਹੈ...ਅਤੇ ਪੂਰੀ ਗੱਲ, ਇਸ ਤਰ੍ਹਾਂ ਲੱਗਦੀ ਹੈ ਕਿ ਇਸਦੀ ਲੋਕਾਂ ਤੇ ਪਕੜ ਹੈ, ਅਤੇ ਤੁਸੀਂ ਇਸਨੂੰ ਬਦਲ ਨਹੀਂ ਸਕਦੇ। ਇਹ ਇੱਕ ਵੱਡੇ ਦੈਂਤ ਵਾਂਗ, ਇੱਕ ਵੱਡੀ ਕਾਲੀ ਛਾਂ ਵਾਂਗ ਲੱਗਦਾ ਹੈ; ਜੇਕਰ ਤੁਸੀਂ ਸਮਝ ਸਕਦੇ ਹੋ ਕਿ ਮੈਂ ਆਤਮਕ ਤੌਰ ਤੇ ਕਿਹੜੀ ਗੱਲ ਕਰ ਰਿਹਾ ਹਾਂ। ਇਕ ਦੈਤ ਨੇ ਉਨ੍ਹਾਂ ਨੂੰ ਫੜ ਲਿਆ ਹੈ, ਅਤੇ ਉਹ—ਉਹ ਬਸ ਇਸ ਤੋਂ ਬਚ ਨਹੀਂ ਸਕਦੇ; ਬਹੁਤ ਜ਼ਿਆਦਾ ਹੌਲੀਵੁੱਡ, ਬਹੁਤ ਜ਼ਿਆਦਾ ਟੈਲੀਵਿਜ਼ਨ, ਹੋਰ ਬਹੁਤ ਸਾਰੀ ਬੇਵਕੂਫੀ। ਸਾਡੀ ਹਰ ਚੀਜ਼ ਪ੍ਰਦੂਸ਼ਿਤ ਹੋ ਚੁੱਕੀ ਹੈ। ਕੋਈ ਹੈਰਾਨੀ ਦੀ ਗੱਲ ਨਹੀਂ, "ਜੇ ਚੁਣਿਆ ਹੋਇਆਂ ਦੀ ਖਾਤਰ ਓਹ ਦਿਨ ਘਟਾਏ ਨਾ ਜਾਂਦੇ ਤਾਂ, ਕੋਈ ਸਰੀਰ ਨਾ ਬਚਦਾ।"

181 ਤੁਸੀਂ ਕਿਹਾ, "ਮੈਨੂੰ ਇਹ ਪਹਿਲਾਂ ਕਦੇ ਨਹੀਂ ਪਤਾ ਸੀ।" ਖੈਰ, ਹੁਣ ਤੁਸੀਂ ਇਸ ਨੂੰ ਜਾਣਦੇ ਹੋ, ਹੁਣ ਤੋਂ। ਸਮਝੇ? ਉਹ...ਬਿਹਤਰ ਹੋਵੇਗਾ ਕਿ ਮੈਂ ਇਸ ਨੂੰ ਰੋਕ ਦਿਆਂ। ਚਲੋ ਵਾਪਸ ਚੱਲੀਏ। ਧਿਆਨ ਦਿਓ।

182 ਯੂਹੰਨਾ ਇੱਕ ਚਿੰਨ੍ਹ ਸੀ। ਅਤੇ ਯਾਦ ਰੱਖੋ ਕਿ, ਜਿਸ ਤਰ੍ਹਾਂ ਪਰਮੇਸ਼ੁਰ ਨੇ ਪਹਿਲੀ ਵਾਰ ਕੀਤਾ ਸੀ, ਉਸੇ ਤਰ੍ਹਾਂ ਉਹ ਇਸਨੂੰ ਦੁਬਾਰਾ ਕਰੇਗਾ। ਉਸ ਨੇ

ਇਹ ਕਰਨ ਦਾ ਵਾਅਦਾ ਕੀਤਾ। ਹੁਣ, ਪਰਮੇਸ਼ੁਰ ਨੇ ਕਦੇ ਵੀ, ਕਿਸੇ ਵੇ ਸਮੇਂ, ਲੋਕਾਂ ਦੇ ਝੁੰਡ ਨੂੰ ਅਜਿਹੇ ਕੰਮ ਲਈ ਨਹੀਂ ਵਰਤਿਆ।

183 ਯਾਦ ਰੱਖੋ, ਇੱਕ ਵਾਰ ਇੱਕ ਸਮੂਹ ਸੀ, ਜੋ, ਉੱਥੇ ਅਹਾਬ ਨਾਮ ਦਾ ਇੱਕ ਮਹਾਨ ਆਦਮੀ ਸੀ, ਉਸਨੇ ਆਪਣੇ ਲਈ...ਉਸਨੇ ਆਪਣੇ ਲਈ ਚਾਰ ਸੌ ਇਸਰਾਏਲੀ ਨਬੀ ਮੰਗਾਏ। ਹੁਣ, ਉਹ ਗ਼ੈਰ-ਯਹੂਦੀ ਨਬੀ ਨਹੀਂ ਸਨ। ਚਾਰ ਸੌ ਇਜ਼ਰਾਈਲੀ ਨਬੀ। ਉਨ੍ਹਾਂ ਸਾਰਿਆਂ ਕੋਲ ਆਪਣੀ ਡਿਗਰੀ ਅਤੇ ਸਭ ਕੁਝ ਸੀ, ਇੱਕ ਵੱਡਾ ਸਕੂਲ ਸੀ।

184 ਉੱਥੇ ਯਹੋਸ਼ਾਫ਼ਾਟ ਨਾਂ ਦਾ ਇੱਕ ਧਰਮੀ ਆਦਮੀ ਸੀ, ਜੋ ਯਹੂਦਾਹ ਦਾ ਰਾਜਾ ਸੀ, ਅਤੇ ਉਹ ਹੇਠਾਂ ਆਇਆ। ਅਤੇ ਉੱਥੇ ਹੀ ਉਹ ਥਾਂ ਹੈ ਜਿੱਥੇ ਇੱਕ ਵਿਸ਼ਵਾਸੀ ਇੱਕ ਅਵਿਸ਼ਵਾਸੀ ਨਾਲ ਮਿਲ ਜਾਂਦਾ ਹੈ। ਚੀਜ਼ਾਂ ਗਲਤ ਹੋ ਗਈਆਂ।

185 ਅਤੇ ਉਸਨੇ ਕਿਹਾ, "ਰਾਮੋਥ-ਗਿਲਿਅਦ..." ਹੁਣ ਇਹਨੂੰ ਦੇਖੋ, ਇਹ ਕਿੰਨਾ ਸੱਚ ਹੋ ਸਕਦਾ ਹੈ। ਉਸ ਨੇ ਕਿਹਾ, "ਰਾਮੋਥ-ਗਿਲਆਦ ਸਾਡਾ ਹੈ, ਉੱਥੇ ਉੱਪਰ। ਉੱਪਰ ਦੇਸ਼ ਦੇ ਹਿੱਸੇ ਵਿੱਚ, ਇਹ ਸਾਡਾ ਹੈ।" ਯਹੋਸ਼ੁਆ ਨੇ ਜ਼ਮੀਨਾਂ ਨੂੰ ਵੰਡਦੇ ਹੋਏ, ਇਸ ਨੂੰ ਇਸਰਾਏਲ ਨੂੰ ਦਿੱਤਾ ਸੀ। ਅਤੇ ਫ਼ਲਿਸਤੀਆਂ, ਗੈਰ ਯਹੂਦੀਆਂ ਨੇ ਆ ਕੇ ਉਸ ਨੂੰ ਉਨ੍ਹਾਂ ਤੋਂ ਖੋਹ ਲਿਆ। ਉਸ ਨੇ ਕਿਹਾ, "ਇਹ ਸਾਡਾ ਹੈ।"

186 ਹੁਣ ਦੇਖੋ ਕਿ ਕਿਵੇਂ, ਬੁਨਿਆਦੀ ਤੌਰ ਤੇ, ਲੋਕ ਸਹੀ ਹੋ ਸਕਦੇ ਹਨ ਅਤੇ ਫਿਰ ਵੀ ਇਸ ਨੂੰ ਗੁਆ ਸਕਦੇ ਹਨ। ਉਹ ਚੀਜ ਅਸਲ ਵਿੱਚ ਇਜ਼ਰਾਈਲ ਦੀ ਸੀ। ਪਰ ਪਰਮੇਸ਼ੁਰ ਦੇ ਸਾਰੇ ਵਾਅਦੇ, ਭਾਈ, ਸ਼ਰਤਾਂ ਤੇ ਹਨ, ਵੇਖੋ, "ਜੇ ਉਹ ਪ੍ਰਭੂ ਦੇ ਅੱਗੇ ਚੱਲਦੇ ਹਨ।"

187 ਹੁਣ ਇੱਥੇ ਦੇਖੋ। ਉਸ ਨੇ ਕਿਹਾ, "ਕੀ ਤੁਸੀਂ ਮੇਰੇ ਨਾਲ ਉੱਪਰ ਜਾਓਗੇ ਅਤੇ ਉਸ ਧਰਤੀ ਨੂੰ ਵਾਪਸ ਲੈਣ ਵਿੱਚ ਮੇਰੀ ਮਦਦ ਕਰੋਗੇ? ਖੈਰ, ਉੱਥੇ ਉਹ ਫ਼ਿਲਿਸਤੀ ਬੱਚੇ ਉਸ ਕਣਕ ਨਾਲ ਆਪਣਾ ਢਿੱਡ ਭਰ ਰਹੇ ਹਨ ਜੋ ਇਜ਼ਰਾਈਲ ਦੀ ਹੈ।" ਇਹ ਵਚਨ ਦੇ ਅਨੁਸਾਰ ਸਹੀ ਹੈ। ਉਸ ਨੇ ਕਿਹਾ, "ਉੱਪਰ ਜਾਣ ਅਤੇ ਉਹਨਾਂ ਨੂੰ ਲੈਣ ਵਿੱਚ ਮੇਰੀ ਮਦਦ ਕਰੋ।"

188 ਕਿਹਾ, "ਅੱਛਾ, ਮੇਰੇ..." ਉੱਥੇ ਉਸਨੇ ਜਲਦਬਾਜੀ ਵਿੱਚ ਇੱਕ ਗਲਤੀ ਕਰ ਦਿੱਤੀ: "ਮੇਰੇ ਰਥ ਤੇਰੇ ਹਨ, ਮੇਰੇ ਮਨੁੱਖ ਵੀ ਤੇਰੇ ਹੀ ਹਨ। ਮੈਂ ਤੇਰੇ ਨਾਲ ਜਾਵਾਂਗਾ।"

189 ਅਤੇ ਫਿਰ ਤੁਸੀਂ ਜਾਣਦੇ ਹੋ, ਯਹੋਸ਼ਾਫਾਟ ਸੋਚਣ ਲੱਗਿਆ, "ਸੁਣੋ, ਕੀ ਸਾਨੂੰ ਇਸ ਤੋਂ ਪਹਿਲਾਂ ਪ੍ਰਭੂ ਨਾਲ ਸਲਾਹ ਨਹੀਂ ਕਰਨੀ ਚਾਹੀਦੀ?"

190 “ਔਹ, ਬਿਲਕੁੱਲ,” ਅਹਾਬ ਨੇ ਕਿਹਾ, “ਯਕੀਨਨ। ਊਂ-ਹੂੰ। ਮੈਨੂੰ ਮਾਫ਼ ਕਰਨਾ। ਮੈਨੂੰ—ਮੈਨੂੰ ਇਸ ਬਾਰੇ ਸੋਚਣਾ ਚਾਹੀਦਾ ਸੀ।”

“ਕੀ ਕਿਤੇ ਕੋਈ ਨਬੀ ਨਹੀਂ ਹੈ?”

191 “ਔਹ, ਯਕੀਨਨ। ਮੇਰੇ ਕੋਲ—ਮੇਰੇ ਕੋਲ ਇੱਕ—ਇੱਥੇ ਉਹਨਾਂ ਦਾ ਇੱਕ ਧਾਰਮਿਕ ਸੰਸਥਾਨ ਹੈ, ਤੁਸੀਂ ਹੁਣ ਤੱਕ ਅਜਿਹਾ ਨਹੀਂ ਵੇਖਿਆ ਹੋਵੇਗਾ। ਉਹ ਸਾਰੇ ਵਧੀਆ ਕੱਪੜੇ ਪਾਉਂਦੇ ਹਨ। ਉਹ ਸਭ ਤੋਂ ਵੱਧ ਪੋਚਵੇਂ ਵਿਦਵਾਨ ਹਨ। ਮੈਂ ਉਹਨਾਂ ਨੂੰ, ਇਕਦਮ ਵਧੀਆ ਸਿੱਖਿਆ ਦਿੱਤੀ ਹੈ। ਅਸੀਂ ਉਨ੍ਹਾਂ ਨੂੰ ਲੈਣ ਜਾਵਾਂਗੇ।”

192 ਇਸ ਲਈ ਉਹ ਉੱਥੇ ਚਲੇ ਗਏ। ਅਤੇ ਉਹ ਸਾਰੇ ਇਕੱਠੇ ਹੋ ਗਏ। ਉਹ ਪਖੰਡੀ ਨਹੀਂ ਸਨ। ਉਨ੍ਹਾਂ ਨੇ ਪ੍ਰਾਰਥਨਾ ਕੀਤੀ ਅਤੇ ਪ੍ਰਾਰਥਨਾ ਕੀਤੀ ਅਤੇ ਪ੍ਰਾਰਥਨਾ ਕੀਤੀ, ਜਦੋਂ ਤੱਕ ਉਨ੍ਹਾਂ ਨੇ ਇੱਕ ਦਰਸ਼ਨ ਨਹੀਂ ਦੇਖਿਆ।

193 ਫਿਰ ਉਹ ਉੱਪਰ ਆਉਂਦੇ ਹਨ। ਅਤੇ ਉਨ੍ਹਾਂ ਵਿੱਚੋਂ ਇੱਕ ਨੇ ਲੋਹੇ ਦੇ ਦੋ ਵੱਡੇ ਸਿੰਗ ਬਣਾਏ। ਉਸ ਨੇ ਕਿਹਾ, “ਇਸ ਦੁਆਰਾ ਤੁਸੀਂ ਫਲਿਸਤੀ ਨੂੰ ਦਬਾਉਣ ਜਾ ਰਹੇ ਹੋ, ਜਾਂ—ਅੱਸ਼ੂਰੀਆਂ ਨੂੰ, ਦੇਸ਼ ਤੋਂ ਬਾਹਰ ਕੱਢ ਦਿਓਗੇ।” ਉਸ ਨੇ ਕਿਹਾ, “**ਯਹੋਵਾਹ ਇੰਝ ਫ਼ਰਮਾਉਂਦਾ ਹੈ**। ਉੱਪਰ ਜਾਓ, ਪ੍ਰਭੂ ਤੁਹਾਡੇ ਨਾਲ ਹੈ।” ਉਨ੍ਹਾਂ ਵਿੱਚੋਂ ਹਰ ਇੱਕ, ਫਿਰ, ਇੱਕ ਮਨ ਨਾਲ, ਆਤਮਾ ਵਿੱਚ ਆ ਗਿਆ। ਇਸਰਾਏਲੀ ਨਬੀਆਂ ਨੇ ਕਿਹਾ, “ਚੜ੍ਹ ਜਾਓ, ਯਹੋਵਾਹ ਤੁਹਾਡੇ ਨਾਲ ਹੈ।” (ਤੁਸੀ ਕਹੋਗੇ, “ਕੀ ਇਹ ਵਚਨ ਅਨੁਸਾਰ ਹੈ?”) “ਪਰਮੇਸ਼ੁਰ ਨੇ ਇਹ ਵਿਰਾਸਤ ਲੋਕਾਂ ਨੂੰ ਦਿੱਤੀ ਹੈ, ਅਤੇ ਇਹ ਦੁਸ਼ਮਣ ਕੋਲ ਹੈ। ਤੁਹਾਨੂੰ ਇਸਨੂੰ ਲੈਣ ਦਾ ਅਧਿਕਾਰ ਹੈ।”

ਹੁਣ, ਪੰਤੇਕੁਸਤ, ਮੈਂ ਚਾਹੁੰਦਾ ਹਾਂ ਕਿ ਤੁਸੀਂ ਇੱਥੇ ਇੱਕ ਸਬਕ ਪ੍ਰਾਪਤ ਕਰੋ।

194 ਪਰ, ਯਹੋਸ਼ਾਫ਼ਾਟ ਨੇ, ਇੱਕ ਧਰਮੀ ਮਨੁੱਖ ਹੋਣ ਕਰਕੇ, ਉਸਨੇ ਕਿਹਾ, “ਅਜੇ ਵੀ ਕੁਝ ਗਲਤ ਹੈ।” ਕਿਹਾ, “ਕੀ ਤੁਹਾਡੇ ਕੋਲ ਇੱਕ ਹੋਰ ਨਹੀਂ ਹੈ?”

195 “ਇੱਕ ਹੋਰ, ਇੱਥੇ ਖੜੇ ਚਾਰ ਸੌ ਚੰਗੇ ਸਿੱਖਿਅਤ ਨਬੀਆਂ ਦੇ ਬਾਵਜੂਦ?” ਜਿੰਨੇ ਇੱਥੇ ਇਸ ਹੇਠਲੀ ਮੰਜ਼ਿਲ ਤੇ ਹਨ। “ਖਲੋ ਕੇ ਇੱਕ ਮਨ ਵਿੱਚ, ਕਹਿ ਰਹੇ ਹਨ, ‘**ਯਹੋਵਾਹ ਇੰਝ ਫ਼ਰਮਾਉਂਦਾ ਹੈ**।’ ਇਸ ਵੱਲ ਵਾਪਸ ਮੁੜੋ, ਅਤੇ ਕਹੋ, ‘ਯਹੋਸ਼ੁਆ ਨੇ ਇਹ ਧਰਤੀ ਸਾਨੂੰ ਦਿੱਤੀ ਸੀ। ਇਹ ਸਾਡੀ ਹੈ। ਜਾਓ ਲੈ ਲਓ!’”

196 ਪਰ ਯਹੋਸ਼ਾਫ਼ਾਟ ਨੇ ਇੱਕ ਹੋਰ ਮੰਗ ਕੀਤੀ। ਉਸਨੇ ਕਿਹਾ, “ਕੀ ਕੋਈ ਹੋਰ ਨਹੀਂ ਹੈ ਜਿਸ ਰਾਹੀਂ ਅਸੀਂ ਪ੍ਰਭੂ ਦੀ ਸਲਾਹ ਲਈਏ?”

197 ਉਸ ਨੇ ਕਿਹਾ, "ਔਹ, ਇੱਕ ਹੋਰ ਹੈ, ਪਰ," ਕਿਹਾ, "ਮੈਂ ਉਸਨੂੰ ਨਫ਼ਰਤ ਕਰਦਾ ਹਾਂ।" ਊਂ-ਹੂੰ, ਊਂ-ਹੂੰ। ਕਿਹਾ, "ਉਹ ਯਿਮਲਾਹ ਦਾ ਪੁੱਤ੍ਰ ਮੀਕਾਯਾਹ।" ਕਿਹਾ, "ਮੈਂ ਉਸਨੂੰ ਨਫ਼ਰਤ ਕਰਦਾ ਹਾਂ। ਉਹ ਹਮੇਸ਼ਾ ਮੇਰੇ ਬਾਰੇ ਬੁਰੀਆਂ ਗੱਲਾਂ ਕਹਿੰਦਾ ਹੈ।"

ਉਸਨੇ ਕਿਹਾ, "ਪਾਤਸ਼ਾਹ ਐਊਂ ਨਾ ਆਖੇ। ਜਾ ਕੇ ਉਸ ਨੂੰ ਲੈ ਆਓ।"

198 ਫਿਰ ਉਨ੍ਹਾਂ ਨੇ ਉੱਥੇ ਕੁਝ ਦੌੜਾਕ ਭੇਜੇ। ਅਤੇ ਉਨ੍ਹਾਂ ਵਿੱਚੋਂ ਕਈਆਂ ਨੇ ਕਿਹਾ, "ਹੁਣ, ਮੀਕਾਯਾਹ, ਮੈਂ ਤੁਹਾਨੂੰ ਕੁਝ ਦੱਸਣਾ ਚਾਹੁੰਦਾ ਹਾਂ। ਹੁਣ, ਤੁਸੀਂ ਜਾਣਦੇ ਹੋ ਕਿ ਉਹਨਾਂ ਨੇ ਤੁਹਾਨੂੰ ਕੱਢਿਆ ਹੋਇਆ ਹੈ,...-ਤੁਹਾਨੂੰ ਸੰਗਤੀ ਵਿੱਚੋਂ, ਭੂਤਾਂ ਸਮਾਂ ਨਹੀਂ ਹੋਇਆ, ਕਿਉਂਕਿ ਤੁਸੀਂ ਹਮੇਸ਼ਾ ਲੋਕਾਂ ਨੂੰ ਬੁਰਾ-ਭਲਾ ਕਹਿੰਦੇ ਹੋ। ਹੁਣ ਜੇ ਤੁਸੀਂ ਆਪਣਾ ਸੰਗਤੀ ਦਾ ਕਾਰਡ ਵਾਪਸ ਲੈਣਾ ਚਾਹੁੰਦੇ ਹੋ, ਤਾਂ ਤੁਸੀਂ ਉਹੀ ਕਹਿਣਾ ਜੋ ਉਹ ਕਹਿ ਰਹੇ ਹਨ, ਅਤੇ, ਔਹ, ਉਹ ਤੁਹਾਡਾ ਨਿੱਘਾ ਸਵਾਗਤ ਕਰਣਗੇ।"

199 ਪਰ ਉਹ ਸਚਮੁੱਚ ਇੱਕ ਨਬੀ ਸੀ। ਉਸ ਨੇ ਕਿਹਾ, "ਜਿਵੇਂ ਕਿ ਪ੍ਰਭੂ ਪਰਮੇਸ਼ੁਰ ਜਿਉਂਦਾ ਹੈ, ਮੈਂ ਸਿਰਫ਼ ਉਹੀ ਕਹਾਂਗਾ ਜੋ ਪਰਮੇਸ਼ੁਰ ਮੇਰੇ ਮੂੰਹ ਵਿੱਚ ਪਾਵੇਗਾ।" ਔਹ! ਪਰਮੇਸ਼ੁਰ ਉਸ ਆਦਮੀ ਨੂੰ ਬਰਕਤ ਦੇਵੇ। ਉਸ ਨੇ ਕਿਹਾ, "ਅੱਜ ਰਾਤ ਤੱਕ ਇੰਤਜ਼ਾਰ ਕਰੋ, ਅਤੇ ਮੈਂ ਦੇਖਾਂਗਾ ਕਿ ਯਹੋਵਾਹ ਮੈਨੂੰ ਕੀ ਦੱਸਦਾ ਹੈ।"

200 ਅਗਲੀ ਸਵੇਰ, ਕਿਹਾ, "ਚੜ੍ਹ ਜਾਓ, ਪਰ ਮੈਂ ਇਸਰਾਏਲ ਨੂੰ ਭੇਡਾਂ ਵਾਂਗ ਖਿੱਲਰਿਆ ਹੋਇਆ ਵੇਖਿਆ ਜਿਸਦਾ ਕੋਈ ਚਰਵਾਹਾ ਨਾ ਹੋਵੇ।" ਫਿਰ ਉਸ ਨੇ ਆਪਣਾ ਦਰਸ਼ਣ ਲਿਆ ਅਤੇ ਉਸ ਦੀ ਤੁਲਨਾ ਏਲੀਯਾਹ ਨਾਲ ਕੀਤੀ, ਜੋ ਅਹਾਬ ਨਾਲ ਹੋਇਆ ਸੀ। ਉਹ ਉਸ ਨੂੰ ਕਿਸ ਤਰ੍ਹਾਂ ਬਰਕਤ ਦੇ ਸਕਦਾ ਹੈ ਜਿਸਨੂੰ ਸਰਾਪ ਦਿੱਤਾ ਗਿਆ ਸੀ? ਜਿੰਨਾ ਮਰਜ਼ੀ...

201 ਅਸੀਂ ਇੱਕ ਧਰਮੀ ਕੌਮ ਹਾਂ। ਪੈਂਟੇਕੋਸਟਲ ਕਲੀਸੀਆ, ਬੈਪਟਿਸਟ, ਅਤੇ ਮੈਥੋਡਿਸਟ, ਅਤੇ ਇਸ ਤਰ੍ਹਾਂ ਹੋਰ, ਇੱਕ ਈਸਾਈ ਕਲੀਸੀਆ ਹਨ, ਪਰ ਤੁਸੀਂ ਉਸ ਨੂੰ ਕਿਵੇਂ ਅਸੀਸ ਦੇ ਸਕਦੇ ਹੋ ਜਿਸਨੂੰ ਪਰਮੇਸ਼ੁਰ ਨੇ ਸਰਾਪ ਦਿੱਤਾ ਹੈ? "ਮੈਨੂੰ ਪਰਵਾਹ ਨਹੀਂ," ਤੁਸੀਂ ਕਹਿੰਦੇ ਹੋ, "ਮੈਂ—ਮੈਂ *ਇਸ* ਵਿੱਚ ਸ਼ਾਮਲ ਹੋ ਗਿਆ। ਮੈਂ *ਇਹ* ਕੀਤਾ।" ਇਸਦਾ ਇਸ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਦੇਖੋ ਕਿ ਤੁਸੀਂ ਕੀ ਕੀਤਾ ਹੈ। ਪੰਤੇਕੁਸਤ ਨੂੰ ਦੇਖੋ, ਉਨ੍ਹਾਂ ਨੇ ਬਾਰ ਨੂੰ ਸਤਰ ਨੂੰ ਹੇਠਾਂ ਡੇਗ ਦਿੱਤਾ ਹੈ। ਦੇਖੋ ਕਿ ਤੁਸੀਂ ਪਹਿਲਾਂ ਕੀ ਸੀ, ਅਤੇ ਦੇਖੋ ਕਿ ਤੁਸੀਂ ਹੁਣ ਕੀ ਹੋ। ਕੋਈ ਹੈਰਾਨੀ ਨਹੀਂ, ਅੱਖਾਂ, ਅੱਖਾਂ ਅੰਨ੍ਹੀਆਂ ਹਨ।

202 ਫਿਰ ਉਹ, ਅਹਾਬ,...ਇਸ ਜਾਜਕ ਨੇ ਉਸ ਦੇ ਮੂੰਹ ਤੇ ਚਪੇੜ ਮਾਰੀ।

ਅਤੇ ਕਿਹਾ, "ਉਸਨੂੰ ਪਾ ਦਿਓ," ਅਤੇ ਅਹਾਬ ਨੇ ਕਿਹਾ, "ਉਸਨੂੰ ਵਾਪਸ ਅੰਦਰਲੀ ਕੈਦ ਵਿੱਚ ਪਾ ਦਿਓ। ਜਦੋਂ ਮੈਂ ਸੁਖ ਸਾਂਦ ਨਾਲ ਵਾਪਸ ਆਵਾਂਗਾ, ਮੈਂ ਇਸ ਵਿਅਕਤੀ ਨਾਲ ਨਜਿੱਠਾਂਗਾ।"

203 ਉਸ ਨੇ ਕਿਹਾ, "ਜੇ ਕਰ ਤੁਸੀਂ ਕਦੀ ਸੁਖ ਸਾਂਦ ਨਾਲ ਮੁੜ ਆਓ, ਤਾਂ ਯਹੋਵਾਹ ਮੇਰੇ ਰਾਹੀਂ ਨਹੀਂ ਬੋਲਿਆ।" ਉਂ-ਹੂੰ? ਵੇਖਿਆ? ਉੱਥੇ ਇੱਕ ਨਬੀ ਸੀ, ਉੱਥੇ ਇੱਕ ਚਿੰਨ੍ਹ ਸੀ; ਉੱਥੇ ਉਸਦੀ ਆਵਾਜ਼ ਸੀ। ਅਤੇ ਇਸ ਦੀ ਆਗਿਆ ਨਾ ਮੰਨਣ ਨੇ ਨਿਆਂ ਨੂੰ ਲੈ ਆਂਦਾ।

204 ਪਵਿੱਤਰ ਆਤਮਾ ਅੱਜ ਸਾਡਾ ਨਬੀ ਹੈ। ਕੀ ਉਸਦੀ ਆਵਾਜ਼ ਸੁਣਨ ਵਿੱਚ ਅਸਫਲ ਹੋ? ਉਹ ਲਿਖਤਾਂ ਵਿੱਚ ਪਛਾਣਿਆ ਗਿਆ ਹੈ, ਕਿ ਉਹ ਇਹ ਗੱਲਾਂ ਕਹੇਗਾ। ਯਿਸੂ ਮਸੀਹ, ਪਵਿੱਤਰ ਆਤਮਾ ਦਾ ਰੂਪ ਹੈ!

205 ਪਰਮੇਸ਼ੁਰ ਨੇ ਇਸ ਇੱਕ ਆਦਮੀ ਨਾਲ ਗੱਲ ਕੀਤੀ। ਇਹ, ਪਰਮੇਸ਼ੁਰ ਕਦੇ ਵੀ ਝੁੰਡਾਂ ਨਾਲ ਵਿਵਹਾਰ ਨਹੀਂ ਕਰਦਾ; ਇਹ ਇੱਕ ਆਦਮੀ ਨਾਲ ਹੈ। ਏਲੀਯਾਹ ਇੱਕ ਝੁੰਡ ਨਹੀਂ ਸੀ। ਯੂਹੰਨਾ ਇੱਕ ਝੁੰਡ ਨਹੀਂ ਸੀ। ਉਹ ਕੋਈ ਝੁੰਡ ਜਾਂ ਸੰਪਰਦਾ ਨਹੀਂ ਸੀ, ਨਾ ਹੀ ਉਨ੍ਹਾਂ ਵਿੱਚੋਂ ਕੋਈ ਇੱਕ। ਪਰ ਦੋਵਾਂ ਨੇ ਅਜਿਹੀਆਂ ਚੀਜਾਂ ਦੀ ਨਿੰਦਾ ਕੀਤੀ। ਇਹ ਠੀਕ ਹੈ। ਯੂਹੰਨਾ ਨੇ ਕਿਹਾ, "ਕੀ ਤੁਸੀਂ ਇਹ ਕਹਿਣ ਦੀ ਸੋਚੋ ਵੀ ਨਾ ਕਿ ਅਬਰਾਹਾਮ ਸਾਡਾ ਪਿਤਾ ਹੈ। ਪਰਮੇਸ਼ੁਰ ਇਨ੍ਹਾਂ ਪੱਥਰਾਂ ਵਿੱਚੋਂ ਅਬਰਾਹਾਮ ਲਈ ਸੰਤਾਨ ਪੈਦਾ ਕਰ ਸਕਦਾ ਹੈ।"

206 ਅਤੇ ਅੰਤ-ਸਮੇਂ ਦੇ ਚਿੰਨ੍ਹ ਵਿੱਚ ਇੱਕ ਅੰਤ-ਸਮੇਂ ਦੀ ਆਵਾਜ਼ ਹੋਵੇਗੀ। ਅਤੇ ਅੰਤ ਦੇ ਸਮੇਂ ਦਾ ਚਿੰਨ੍ਹ ਉਸ ਦੇ ਅਨੁਸਾਰ ਹੋਵੇਗਾ ਜਿਸ ਦੀ ਬਾਈਬਲ ਵਿਚ ਭਵਿੱਖਬਾਣੀ ਕੀਤੀ ਗਈ ਹੈ। ਅਤੇ ਅੰਤ-ਸਮੇਂ ਦੀ ਆਵਾਜ਼, ਜੋ ਅੰਤ-ਸਮੇਂ ਦੇ ਚਿੰਨ੍ਹ ਦੇ ਪਿੱਛੇ ਆਉਂਦੀ ਹੈ, ਉਸ ਨੂੰ ਠੀਕ ਵਚਨ ਵਿੱਚ ਪਛਾਣਿਆ ਜਾਵੇਗਾ, ਉਹ ਵਚਨ ਹੋਵੇਗਾ ਜਿਸਦਾ ਵਾਅਦਾ ਕੀਤਾ ਗਿਆ ਹੈ।

207 ਹੁਣ ਅਸੀਂ ਲੂਕਾ 17 ਵਿੱਚ ਪੜ੍ਹਿਆ ਹੈ ਕਿ ਅੰਤ-ਸਮੇਂ ਦਾ ਚਿੰਨ੍ਹ ਕੀ ਹੋਵੇਗਾ, ਉਸ ਤਰ੍ਹਾਂ ਹੋਵੇਗਾ ਜਿਵੇਂ ਇਹ ਸਦੂਮ ਵਿੱਚ ਸੀ, ਇੱਕ ਵਾਅਦਾ। ਅਤੇ ਸਾਡੇ ਕੋਲ ਕੁਦਰਤੀ ਤੌਰ ਤੇ ਸਦੂਮ ਹੈ, ਅਸੀਂ ਇੱਥੇ ਆਤਮਿਕ ਚਿੰਨ੍ਹ ਤੇ ਵਿਸ਼ਵਾਸ ਕਿਉਂ ਨਹੀਂ ਕਰ ਸਕਦੇ? ਜੇ ਤੁਸੀਂ ਵਚਨਾਂ ਨੂੰ ਦੇਖ ਸਕਦੇ ਹੋ, ਤਾਂ ਲੂਕਾ 17 ਚਿੰਨ੍ਹ ਹੈ, ਅਤੇ ਮਲਾਕੀ 4 ਆਵਾਜ਼ ਹੈ। ਇਹ ਚਿੰਨ੍ਹ ਇੰਝ ਸੀ ਜਿਵੇਂ ਪਰਮੇਸ਼ੁਰ ਦੇਹ ਵਿੱਚ ਪ੍ਰਗਟ ਹੋਇਆ, ਦਿਲ ਦੇ ਭੇਤ ਬੁਝਦੇ ਹੋਏ; ਅਤੇ ਮਲਾਕੀ 4 ਦੀ ਅਵਾਜ਼ ਲੋਕਾਂ ਨੂੰ ਉਨ੍ਹਾਂ ਦੇ ਪੰਥਾਂ ਤੋਂ, ਪਿਤਾਵਾਂ ਦੇ ਵਿਸ਼ਵਾਸ ਵੱਲ ਵਾਪਸ ਮੋੜ ਰਹੀ ਸੀ। ਇਹ ਚਿੰਨ੍ਹ ਹੈ।

208 ਤੁਹਾਨੂੰ ਪਤਾ ਹੈ? ਮੈਂ ਹੁਣ ਬੰਦ ਕਰ ਰਿਹਾ ਹਾਂ। ਚਿੰਨ੍ਹ ਆਮ ਤੌਰ ਤੇ ਸਵੀਕਾਰ ਕੀਤੇ ਜਾਂਦੇ ਹਨ, ਯਕੀਨਣ; ਪਰ, ਆਵਾਜ਼, ਔਹ, ਨਹੀਂ। ਆਵਾਜ ਜੋ ਚਿੰਨ੍ਹ ਦੇ ਪਿੱਛੇ ਆਉਂਦੀ ਹੈ, ਉਹ ਇਸ ਨਾਲ ਕੁਝ ਨਹੀਂ ਕਰਨਾ ਚਾਹੁੰਦੇ ਹਨ। ਹਾਂ।

209 ਯਿਸੂ ਦਾ ਚਿੰਨ੍ਹ, ਮਸੀਹਾ ਵਜੋਂ, ਜੋ ਕਿ ਬੀਮਾਰਾਂ ਨੂੰ ਚੰਗਾ ਕਰਨਾ ਸੀ, ਉਨ੍ਹਾਂ ਨੇ ਇਸ ਨੂੰ ਸਵੀਕਾਰ ਕੀਤਾ। ਪਰ ਇੱਕ ਦਿਨ ਉਸਨੇ ਕਿਹਾ, "ਮੈਂ ਅਤੇ ਪਿਤਾ ਇੱਕ ਹਾਂ।"

210 ਔਹ, ਮੇਰੇ, ਉਹ ਆਵਾਜ਼ ਸਵੀਕਾਰ ਨਹੀਂ ਕੀਤੀ ਗਈ ਸੀ। ਓਹਨਾਂ ਨੇ ਕਿਹਾ, "ਤੂੰ ਆਪਣੇ ਆਪ ਨੂੰ ਪਰਮੇਸ਼ੁਰ, ਪਰਮੇਸ਼ੁਰ ਦੇ ਬਰਾਬਰ ਬਣਾਉਂਦਾ ਹੈਂ।"

ਉਸ ਨੇ ਕਿਹਾ, "ਮੈਂ ਪਰਮੇਸ਼ੁਰ ਦਾ ਪੁੱਤਰ ਹਾਂ।"

211 "ਔਹ ਮੇਰੇ, ਪਰਮੇਸ਼ੁਰ ਦਾ ਪੁੱਤਰ ਕਿਵੇਂ ਹੋ ਸਕਦਾ ਹੈ?" ਵੇਖਿਆ? "ਪਰਮੇਸ਼ੁਰ ਦੇ ਪੁੱਤਰ ਕਦੇ ਨਹੀਂ ਹੋ ਸਕਦਾ!"

212 ਪਰ, ਤੁਸੀਂ ਦੇਖਦੇ ਹੋ, ਉਨ੍ਹਾਂ ਨੇ ਚਿੰਨ੍ਹ—ਚਿੰਨ੍ਹ ਤੇ ਵਿਸ਼ਵਾਸ ਕੀਤਾ, ਬਿਮਾਰ ਨੂੰ ਚੰਗਾ ਕੀਤਾ ਜਾ ਸਕਦਾ ਸੀ, ਅਤੇ, ਔਹ, ਇਹ ਸ਼ਾਨਦਾਰ ਸੀ, ਇਹ ਸਿਰਫ ਬਹੁਤ ਵਧੀਆ ਸੀ। ਪਰ ਜਦੋਂ ਆਵਾਜ਼ ਦੀ ਗੱਲ ਆਉਂਦੀ ਹੈ, ਤਾਂ ਉਹ ਆਵਾਜ਼ ਤੇ ਵਿਸ਼ਵਾਸ ਨਹੀਂ ਕਰਨਾ ਚਾਹੁੰਦੇ ਸਨ। ਉਹ ਕੀ ਕਰਣਗੇ? ਉਨ੍ਹਾਂ ਨੇ ਉਸਨੂੰ ਬਾਹਰ ਕੱਢ ਦਿੱਤਾ।

213 ਅਤੇ ਕੀ ਤੁਸੀਂ ਜਾਣਦੇ ਹੋ? ਬਾਈਬਲ ਸਾਨੂੰ ਦੱਸਦੀ ਹੈ, ਪਰਕਾਸ਼ ਦੀ ਪੋਥੀ ਦੇ ਤੀਸਰੇ ਅਧਿਆਏ ਵਿੱਚ, ਇਸ ਲਾਓਦੀਕੀਆ ਕਲੀਸੀਆ ਦੇ ਯੁੱਗ ਵਿੱਚ, ਕਿ ਉਹ ਵੀ ਅਜਿਹਾ ਹੀ ਕਰੇਗਾ। ਉਹ ਕਲੀਸਿਯਾ ਦੇ ਬਾਹਰ ਸੀ। ਇਹ ਉਹ ਸ਼ਬਦ ਹੈ ਜੋ ਪ੍ਰਗਟ ਹੋਇਆ ਹੈ। ਉਹ ਪ੍ਰਗਟ ਕੀਤਾ ਹੋਇਆ ਸ਼ਬਦ ਸੀ। ਉਹ ਅਜੇ ਵੀ ਪ੍ਰਗਟ ਕੀਤਾ ਹੋਇਆ ਸ਼ਬਦ ਹੈ।

214 ਜੇ ਤੁਸੀਂ ਸਦੂਮ, ਲੂਕਾ ਦੇ ਚਿੰਨ੍ਹ ਤੇ ਵਿਸ਼ਵਾਸ ਕਰ ਸਕਦੇ ਹੋ, ਜੇਕਰ ਤੁਸੀਂ ਉਸ ਤੇ ਵਿਸ਼ਵਾਸ ਕਰ ਸਕਦੇ ਹੋ, ਤਾਂ ਫਿਰ ਮਲਾਕੀ 4 ਦੀ ਆਵਾਜ਼ ਨੂੰ ਕਿਉਂ ਨਹੀਂ ਸਵੀਕਾਰ ਕਰਦੇ? ਦੇਖੋ, ਤੁਸੀਂ ਕਿਉਂ ਨਹੀਂ, ਤੁਸੀਂ? ਇਹ ਸਾਬਤ ਕੀਤਾ ਜਾ ਸਕਦਾ ਹੈ। ਇਸ ਨੂੰ ਸਿਰਫ਼ ਇੱਕ ਹੀ ਢੰਗ ਨਾਲ ਕੀਤਾ ਜਾ ਸਕਦਾ ਹੈ… ਚਿੰਨ੍ਹ ਸਾਬਤ ਕੀਤਾ ਜਾ ਸਕਦਾ ਹੈ, ਪਰ ਤੁਹਾਨੂੰ ਆਵਾਜ਼ ਨੂੰ ਸਵੀਕਾਰ ਕਰਨਾ ਪਵੇਗਾ।

215 ਮੂਸਾ ਨੂੰ ਸਰੀਰਕ ਤੌਰ ਤੇ, ਹੇਠਾਂ ਜਾਣ ਦਾ ਹੁਕਮ ਦਿੱਤਾ ਗਿਆ ਸੀ, ਅਤੇ

ਇੱਕ ਆਤਮਿਕ ਚਿੰਨ੍ਹ ਲੈ ਕੇ ਲੋਕਾਂ ਨੂੰ ਪੁਰਖਿਆਂ ਦੇ ਵਾਅਦੇ ਵੱਲ ਵਾਪਸ ਬੁਲਾਉਣ ਲਈ।

216 ਮਲਾਕੀ 4 ਲੋਕਾਂ ਨੂੰ ਵਾਪਸ ਲਿਆਉਣ ਲਈ ਹੈ "ਪੇਵਾਂ ਦੇ ਵਿਸ਼ਵਾਸ ਵੱਲ ਵਾਪਸ ਮੋੜਨ ਲਈ।" ਹੇ, ਅੰਨ੍ਹੇ ਅਤੇ ਖਿੰਡੇ ਹੋਇਓ, ਆਪਣਿਆਂ ਕੋਲ ਵਾਪਸ ਪਰਤ ਆਓ!

217 ਅੰਤ ਵਿੱਚ, ਮੈਂ ਇਹ ਕਹਾਂਗਾ, ਇਹ ਆਖਰੀ ਟਿੱਪਣੀ ਹੈ। ਨਬੀ ਨੇ ਕਿਹਾ, "ਸ਼ਾਮ ਦੇ ਸਮੇਂ ਉਜਾਲਾ ਹੋਵੇਗਾ।" ਦੇਖੋ, ਉਸਨੇ ਕਿਹਾ, "ਇੱਕ ਦਿਨ ਅਜਿਹਾ ਹੋਵੇਗਾ ਜਿਸ ਨੂੰ ਦਿਨ ਜਾਂ ਰਾਤ ਨਹੀਂ ਕਿਹਾ ਜਾ ਸਕਦਾ ਹੈ।" ਹੁਣ ਸੁਣੋ। ਮੈਂ ਬੰਦ ਕਰ ਰਿਹਾ ਹਾਂ। "ਇੱਕ ਦਿਨ ਹੋਵੇਗਾ..." ਇਸ ਨੂੰ ਡੂੰਘਾਈ ਵਿੱਚ ਜਾਣ ਦਿਓ, ਅਤੇ ਪਰਮੇਸ਼ੁਰ ਇਸਨੂੰ ਇਸ ਭਾਈਚਾਰੇ ਦੇ ਹਰ ਦਿਲ ਵਿੱਚ ਵਿੱਚ ਰੱਖੇ, ਅੱਜ ਰਾਤ, ਇਸ ਭਵਨ ਵਿੱਚ। ਨਬੀ ਨੇ ਕਿਹਾ, "ਇੱਕ ਅਜਿਹਾ ਦਿਨ ਹੋਵੇਗਾ ਜਿਸ ਨੂੰ ਦਿਨ ਜਾਂ ਰਾਤ ਨਹੀਂ ਕਿਹਾ ਜਾ ਸਕਦਾ, ਇੱਕ ਨਿਰਾਸ਼ਾਜਨਕ, ਬਰਸਾਤੀ, ਧੁੰਦ ਭਰਿਆ ਦਿਨ ਹੋਵੇਗਾ। ਪਰ," ਕਿਹਾ, "ਸ਼ਾਮ ਦੇ ਸਮੇਂ, ਉਜਾਲਾ ਹੋਵੇਗਾ।"

218 ਹੁਣ, ਯਾਦ ਰੱਖੋ, ਸੂਰਜ ਹਮੇਸ਼ਾ ਪੂਰਬ ਵਿੱਚ ਚੜ੍ਹਦਾ ਹੈ ਅਤੇ ਪੱਛਮ ਵਿੱਚ ਡੁੱਬਦਾ ਹੈ। ਸਭਿਅਤਾ ਨੇ ਸੂਰਜ ਵਾਂਗ ਕੀਤਾ ਹੈ। ਤੁਹਾਨੂੰ ਉਹ ਪਤਾ ਹੈ। ਅਤੇ, ਧਿਆਨ ਦਿਓ, ਉਹੀ ਸੂਰਜ ਜੋ ਪੂਰਬ ਵਿੱਚ ਚੜ੍ਹਦਾ ਹੈ ਉਹੀ ਸੂਰਜ ਪੱਛਮ ਵਿੱਚ ਡੁੱਬਦਾ ਹੈ। ਹੁਣ, ਸਭਿਅਤਾ ਬਿਲਕੁਲ ਸੂਰਜ ਦੇ ਨਾਲ ਚਲੀ ਹੈ, ਇੱਥੋਂ ਤੱਕ ਕਿ ਹੁਣ ਪੂਰਬ ਅਤੇ ਪੱਛਮ ਦਾ ਮੇਲ ਹੋ ਗਿਆ ਹੈ। ਅਸੀਂ ਪੱਛਮੀ ਤੱਟ ਤੇ ਹਾਂ; ਪੂਰਬ ਅਤੇ ਪੱਛਮ।

219 ਅਤੇ, ਯਾਦ ਰੱਖੋ, ਇੰਜੀਲ ਨੇ ਉਸੇ ਤਰੀਕੇ ਨਾਲ ਸਫ਼ਰ ਕੀਤਾ ਹੈ। ਇਹ ਪੂਰਬ ਵਿੱਚ ਉੱਠੀ ਸੀ, ਯਿਸੂ ਮਸੀਹ ਦੀ ਆਮਦ, S-o-n, s-u-n ਨਹੀਂ। ਐਸ-ਓ-ਐਨ, ਪਰਮੇਸ਼ੁਰ ਦਾ ਪੁੱਤਰ, ਪੂਰਬ ਵਿੱਚ, ਪੂਰਬੀ ਲੋਕਾਂ ਲਈ ਉੱਠਿਆ।

220 ਅਤੇ ਹੁਣ ਇੱਕ ਦਿਨ ਅਜਿਹਾ ਆਇਆ ਹੈ ਕਿ ਲੋਕ ਕਲੀਸਿਯਾ ਵਿੱਚ ਸ਼ਾਮਲ ਹੋ ਗਏ ਹਨ, ਸੰਪਰਦਾਵਾਂ ਬਣਾਈਆਂ ਹਨ, ਦੇਖਣ ਲਈ ਕਾਫ਼ੀ ਰੌਸ਼ਨੀ ਹੈ, "ਖੈਰ, ਸਾਡੇ ਕੋਲ ਇੱਕ ਕਲੀਸੀਆ ਹੋਵੇਗੀ। ਅਸੀਂ *ਇਸਨੂੰ* ਬਣਾਵਾਂਗੇ। ਅਸੀਂ ਇੱਕ ਸਕੂਲ ਬਣਾਵਾਂਗੇ। ਅਸੀਂ ਹਸਪਤਾਲ ਬਣਾਵਾਂਗੇ। ਅਸੀਂ ਸਿੱਖਿਆ ਦੇਵਾਂਗੇ। ਸਾਡੇ ਕੋਲ ਇੱਕ ਧਾਰਮਿਕ ਸਿੱਖਿਆ ਕੇਂਦਰ ਹੋਵੇਗਾ।" ਉਨ੍ਹਾਂ ਕੋਲ ਅਜਿਹਾ ਕਰਨ ਲਈ ਕਾਫ਼ੀ ਰੋਸ਼ਨੀ ਸੀ।

221 ਪਰ, ਯਾਦ ਰੱਖੋ, ਬਾਈਬਲ ਨੇ ਕਿਹਾ, ਪ੍ਰਭੂ ਦਾ ਨਬੀ, ਬਾਈਬਲ ਵਿਚ, ਜੋ ਕਿ **ਯਹੋਵਾਹ ਇੰਝ ਫ਼ਰਮਾਉਂਦਾ ਹੈ,** "ਉਹੀ ਸੂਰਜ ਜੋ ਪੂਰਬ ਵਿੱਚ ਚਮਕਦਾ

ਸੀ, ਸ਼ਾਮ ਦੇ ਸਮੇਂ, ਪੱਛਮ ਵਿੱਚ ਫਿਰ ਤੋਂ ਚਮਕੇਗਾ। ਸ਼ਾਮ ਦੇ ਵੇਲੇ ਉਜਾਲਾ ਹੋਵੇਗਾ।"

222 ਉਹ ਕੀ ਕਰੇਗਾ? ਇਹ ਬਿਲਕੁਲ ਉਹੀ ਕਰਦਾ ਹੈ ਜੋ ਉਸਨੇ ਲੂਕਾ ਦੇ 17ਵੇਂ ਅਧਿਆਏ ਵਿੱਚ ਕਿਹਾ ਸੀ। "ਅੰਤ ਦੇ ਸਮੇਂ, ਜਦੋਂ ਮਨੁੱਖ ਦਾ ਪੁੱਤਰ ਉਸੇ ਤਰ੍ਹਾਂ ਪ੍ਰਗਟ ਹੋਵੇਗਾ ਜਿਵੇਂ ਉਹ ਪੂਰਬ ਵਿੱਚ ਹੋਇਆ ਸੀ, ਉਹੀ ਪੁੱਤਰ ਚਮਕ ਰਿਹਾ ਹੈ, ਉਹੀ ਸਮਰੱਥ, ਉਹੀ ਪਵਿੱਤਰ ਆਤਮਾ, ਉਹੀ ਚੀਜ਼ ਉਹੀ ਕੰਮ ਕਰ ਰਿਹਾ ਹੈ। ਸ਼ਾਮ ਦੇ ਵੇਲੇ ਉਜਾਲਾ ਹੋਵੇਗਾ।"

223 ਉਹੀ ਸੂਰਜ ਜਿਸ ਨੇ ਯਾਤਰਾ ਕੀਤੀ ਹੈ; ਉਸੇ S-o-n ਪੁੱਤਰ ਨੇ ਯਾਤਰਾ ਕੀਤੀ ਹੈ; ਪੌਲੁਸ ਤੋਂ, ਪੂਰਬ ਰਾਹੀਂ ਹੇਠਾਂ ਆਉਂਦਾ ਹੈ; ਮਾਰਟਿਨ ਲੂਥਰ ਉੱਤੇ, ਜਰਮਨੀ ਵਿੱਚ ਆਇਆ; ਦੁਬਾਰਾ ਛਾਲ ਮਾਰੀ ਦਿੱਤੀ, ਉਸਦੀ ਅਗਲੀ ਖਿਚਾਅ ਵਿੱਚ; ਅਤੇ ਉਸ ਤੋਂ ਇੰਗਲੈਂਡ, ਜੌਨ ਵੈਸਲੀ ਕੋਲ ਗਿਆ; ਅਟਲਾਂਟਿਕ ਮਹਾਂਸਾਗਰ ਦੇ ਪਾਰ, ਸੰਯੁਕਤ ਰਾਜ ਅਮਰੀਕਾ, ਪੇਂਟੇਕੋਸਟ ਤੱਕ ਚਲਾ ਗਿਆ; ਅਤੇ ਹੁਣ ਪੈਂਤੇਕੁਸਤ ਕਮਜ਼ੋਰ ਹੋ ਗਿਆ ਹੈ, ਅਸੀਂ ਕਿਨਾਰੇ ਪਹੁੰਚ ਗਏ ਹਾਂ।"

224 ਉਹਨਾਂ ਵਿੱਚੋਂ ਹਰ ਇੱਕ, ਸੰਪ੍ਰਦਾਇਕ, ਜਿਵੇਂ ਉਹਨਾਂ ਨੇ ਸ਼ੁਰੂ ਵਿੱਚ ਕੀਤਾ ਸੀ, ਇੱਕ ਸੰਗਠਨ ਬਣਾਇਆ ਜਿਸਨੂੰ ਪਰਮੇਸ਼ੁਰ ਨੇ ਸਰਾਪ ਦਿੱਤਾ ਸੀ। ਪੰਤੇਕੁਸਤ, ਅਤੇ ਸਭ ਨੇ, ਅਜਿਹਾ ਕੀਤਾ।

225 ਪਰ ਉਸਨੇ ਕਿਹਾ, "ਸ਼ਾਮ ਦੇ ਵੇਲੇ ਉਜਾਲਾ ਹੋਵੇਗਾ। ਸ਼ਾਮ ਦੇ ਵੇਲੇ ਵਿੱਚ ਜੀ ਉੱਠਣ ਦਾ ਚਿੰਨ੍ਹ ਹੋਵੇਗਾ।" ਇਸ ਤੋਂ ਖੁੰਝ ਨਾ ਜਾਇਓ, ਦੋਸਤੋ। ਇਸ ਤੋਂ ਖੁੰਝ ਨਾ ਜਾਇਓ। ਹੁਣ, ਉਹੀ ਪੁੱਤਰ ਉਹੀ ਉਜਾਲਾ ਦੇਵੇਗਾ। ਉਹੀ s-u-n ਉਹੀ s-u-n ਰੋਸ਼ਨੀ ਦਿੰਦਾ ਹੈ। ਉਹੀ S-o-n ਉਹੀ S-o-n ਉਜਾਲਾ ਦਿੰਦਾ ਹੈ।

226 ਹੁਣ, ਇਹ ਮੇਰੀ ਗੱਲ ਨਹੀਂ ਹੈ। ਇੱਥੇ ਹਰ ਕੋਈ, ਜਾਣਦਾ ਹੈ ਕਿ ਬਾਈਬਲ ਇਹ ਕਹਿੰਦੀ ਹੈ, ਆਪਣੇ ਹੱਥ ਉਠਾਓ। [ਕਲੀਸਿਯਾ ਕਹਿੰਦੀ ਹੈ, "ਆਮੀਨ।"—ਸੰਪਾ.] ਇਹ ਬਿਲਕੁਲ ਸਹੀ ਹੈ।

227 ਹੁਣ, ਤੁਸੀਂ ਕਰ ਸਕਦੇ ਹੋ, ਇਹ ਤੁਹਾਡੇ ਤੇ ਨਿਰਭਰ ਕਰਦਾ ਹੈ। ਵਿਸ਼ਵਾਸ ਕਰੋ ਕਿ ਪਰਮੇਸ਼ੁਰ ਦਾ ਪੁੱਤਰ, ਯਿਸੂ ਮਸੀਹ, ਮਰਿਆ ਨਹੀਂ ਹੈ। ਉਹ ਜਿੰਦਾ ਹੈ। ਉਹ ਨਿਮਰਤਾ ਵਿਚ, ਨਿਮਰ ਹੈ। ਉਹ ਹਮੇਸ਼ਾ ਇਸ ਤਰ੍ਹਾਂ ਰਹਿੰਦਾ ਸੀ। ਉੱਪਰ ਜਾਣ ਦਾ ਰਸਤਾ ਹੇਠਾਂ ਤੋਂ ਸ਼ੁਰੂ ਹੁੰਦਾ ਹੈ। ਆਪਣੇ ਆਪ ਨੂੰ ਨਿਮਰ ਬਣਾਓ, ਆਪਣੇ ਕੜਕ ਵਿਚਾਰਾਂ ਤੋਂ ਦੂਰ ਰਹੋ, ਅਤੇ ਪ੍ਰਭੂ ਯਿਸੂ ਵਿੱਚ ਵਿਸ਼ਵਾਸ ਕਰੋ। ਚਿੰਨ੍ਹ ਨੂੰ ਵੇਖੋ, ਫਿਰ ਆਵਾਜ਼ ਤੇ ਵਿਸ਼ਵਾਸ ਕਰੋ। ਹੇ, ਖਿਲਰੇ ਹੋਇਓ, ਆਪਣਿਆਂ ਵੱਲ ਮੁੜ ਆਓ!

ਆਓ ਆਪਣੇ ਸਿਰਾਂ ਨੂੰ ਝੁਕਾਈਏ।

228 "ਅਤੇ ਜੇ ਉਹ ਪਹਿਲੇ ਚਿਨ੍ਹ ਦੀ ਅਵਾਜ਼ ਵਿੱਚ ਵਿਸ਼ਵਾਸ ਨਹੀਂ ਕਰਦੇ, ਹੱਥ ਵਿੱਚ, ਜਿਵੇਂ ਕਿ ਇਹ ਮੂਸਾ ਦੇ ਨਾਲ ਸੀ, ਫਿਰ ਦੂਜਾ ਚਿੰਨ੍ਹ ਦਿਖਾਉਣਾ। ਫਿਰ, ਜੇ ਉਹ ਇਸ ਚਿੰਨ੍ਹ ਤੇ ਵਿਸ਼ਵਾਸ ਨਹੀਂ ਕਰਦੇ, ਫਿਰ ਪਾਣੀ ਨੂੰ ਲੈਣਾ (ਪਾਣੀ ਜੋ ਜੀਵਨ ਨੂੰ ਦਰਸਾਉਂਦਾ ਹੈ) ਜੋ ਮਹਾਸਾਗਰ ਜਾਂ ਸਮੁੰਦਰ ਵਿਚ ਹੈ, ਇਸ ਨੂੰ ਜ਼ਮੀਨ ਤੇ ਡੋਲ੍ਹ ਦੇਣਾ, ਇਹ ਲਹੂ ਬਣ ਜਾਵੇਗਾ।"

229 ਸਵਰਗੀ ਪਿਤਾ, ਹੁਣ ਬਹੁਤ ਦੇਰ ਹੋ ਗਈ ਹੈ, ਪਰ ਤੁਸੀਂ ਵਾਅਦਾ ਕੀਤਾ ਸੀ ਕਿ ਸ਼ਾਮ ਦੇ ਵੇਲੇ ਉਜਾਲਾ ਹੋਵੇਗਾ। ਸਾਡੀ ਇੰਜੀਲ ਦੀ ਆਵਾਜ਼ ਨੂੰ ਲੋਕਾਂ ਦੇ ਦਿਲਾਂ ਵਿੱਚ ਡੂੰਘਾਈ ਵਿੱਚ ਜਾਣ ਦੇਣਾ, ਜਦ ਉਹ ਇਸ ਉੱਤੇ ਮਨਨ ਕਰਣਗੇ ਅਤੇ ਵਚਨ ਦੁਆਰਾ ਇਸਦਾ ਅਧਿਐਨ ਕਰਣਗੇ।

230 ਪ੍ਰਭੂ, ਇਸ ਭਾਈਚਾਰੇ ਨੂੰ ਬਰਕਤ ਦੇ। ਇਨ੍ਹਾਂ ਲੋਕਾਂ ਨੂੰ ਅਸੀਸ ਦਿਓ। ਉਹਨਾਂ ਨੂੰ ਇੱਥੇ ਬੈਠੇ ਦੇਖੋ, ਭੁੱਖੇ, ਗਰੀਬ ਬੱਚੇ ਜਿਨ੍ਹਾਂ ਨੂੰ ਧੱਕੇ ਮਾਰੇ ਜਾਂਦੇ ਹਨ ਅਤੇ ਦਬਾਏ ਜਾਂਦੇ ਹਨ, ਅਤੇ *ਇਹ*..." ਇਹ ਜਾਣਦੇ ਹੋਏ ਕਿ ਸ਼ੈਤਾਨ ਨੇ ਅਜਿਹਾ ਬਸ ਇਸ ਲਈ ਕੀਤਾ ਹੈ ਤਾਂ ਜੋ ਜਦ ਉਹ ਚੀਜ ਇੱਥੇ ਪਹੁੰਚੇ ਤਾਂ ਉਨ੍ਹਾਂ ਨੂੰ ਉਸ ਚੀਜ਼ ਤੋਂ ਅੰਨ੍ਹਾ ਕਰੇ। ਉਹ, ਅੱਜ ਰਾਤ, ਇੱਕ ਮਨ ਹੋ ਕੇ, ਯਿਸੂ ਮਸੀਹ ਵਿੱਚ ਵਿਸ਼ਵਾਸ ਕਰਨ, ਉਸਦੇ ਵਾਅਦੇ ਤੇ ਵਿਸ਼ਵਾਸ ਕਰਨ, ਕਿ ਉਹ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ।

231 ਤੁਸੀਂ ਕਿਹਾ, "ਜਿਸ ਘੜੀ ਉਨ੍ਹਾਂ ਨੂੰ ਚਿੱਤ ਚੇਤਾ ਨਾ ਹੋਵੇ, ਉਸੇ ਘੜੀ ਮਨੁੱਖ ਦਾ ਪੁੱਤ੍ਰ ਆ ਜਾਵੇਗਾ।"

232 ਉਸੇ ਸਮੇਂ ਜਦੋਂ ਕਲੀਸੀਆ ਕੋਲ ਆਪਣੀ ਲੱਖਾਂ ਡਾਲਰਾਂ ਦੀਆਂ ਇਮਾਰਤਾਂ ਬਣਾਉਣ ਲਈ ਬਥੇਰਾ ਪੈਸਾ ਹੋ ਗਿਆ ਹੈ। ਉਹ ਚੰਗੇ ਹੁੰਦੇ, ਪਿਤਾ, ਮੇਰਾ ਮੰਨਣਾ ਹੈ, ਜੇ ਉਹ ਨੁੱਕਰ ਵਿੱਚ ਕੋਨੇ ਤੇ ਖੜ੍ਹੇ ਹੋ ਕੇ, ਇੱਕ—ਇੱਕ ਡਫ਼ਲੀ ਵਜਾਉਂਦੇ, ਉਨ੍ਹਾਂ ਦੇ ਹੱਥ ਵਿੱਚ ਇੱਕ ਟੋਪੀ ਦੇ ਨਾਲ, ਮੁਕਤੀ ਫੌਜ ਵਾਂਗ ਨੁੱਕਰ ਵਿੱਚ ਇੱਕ ਵਿੱਚ ਪੁਰਾਣਾ ਢੋਲ ਲੈ ਕੇ, ਇਸਦੇ ਬਜਾਏ ਇਹਨਾਂ ਵੱਡੇ ਮੁਰਦਾਘਰਾਂ ਵਿੱਚ ਬੈਠਣ ਦੇ, ਅੱਜ ਰਾਤ, ਸੰਸਾਰ ਦੇ ਅਨੁਸਾਰ ਨਮੂਨਾ ਬਣਾਉਣ ਦੀ ਕੋਸ਼ਿਸ਼ ਕਰਦੇ ਹੋਏ, "ਭਗਤੀ ਦਾ ਰੂਪ ਧਾਰ ਕੇ ਸ਼ਕਤੀ ਦੇ ਇਨਕਾਰੀ ਹੋਣਗੇ।"

233 ਬਖਸ਼ ਦੇ, ਪ੍ਰਭੂ, ਅੱਜ ਰਾਤ, ਇੱਕ ਵਾਰ ਫਿਰ, ਪ੍ਰਭੂ; ਜਿਵੇਂ ਸਮਸੂਨ ਨੇ ਪੁਕਾਰਿਆ ਸੀ, "ਇਕ ਵਾਰ ਫਿਰ, ਪ੍ਰਭੂ, ਇਕ ਵਾਰ ਫਿਰ।" ਇਹ ਜਾਣ ਲਵੋ ਕਿ ਤੂੰ ਮਸੀਹ, ਪਰਮੇਸ਼ੁਰ ਦਾ ਪੁੱਤਰ ਹੈਂ; ਕੱਲ੍ਹ, ਅੱਜ ਅਤੇ ਸਦਾ ਲਈ ਇੱਕੋ ਜਿਹਾ। ਅਤੇ ਸਾਡੇ ਵਿਚਕਾਰ ਆਪਣੀ ਪਛਾਣ ਦੇ, ਤਾਂ ਜੋ ਉਹ ਚਿਨ੍ਹ ਨੂੰ ਵੇਖ

ਸਕਣ, ਹੋਣ ਦੇ ਕਿ ਉਹ ਅਵਾਜ਼ ਤੇ ਵਿਸ਼ਵਾਸ ਕਰਨ। ਇਸ ਵਿੱਚ, ਮੈਂ ਯਿਸੂ ਮਸੀਹ ਦੇ ਨਾਮ ਵਿੱਚ ਮੰਗਦਾ ਹਾਂ। ਆਮੀਨ।

234 ਅਸੀਂ ਇੱਕ ਪ੍ਰਾਰਥਨਾ ਕਤਾਰ ਨੂੰ ਬੁਲਾਉਣ ਜਾ ਰਹੇ ਹਾਂ, ਬਿਲਕੁਲ ਜਲਦੀ। ਮੈਂ ਦੇਖਿਆ ਕਿ ਅਸਲ ਵਿੱਚ ਹੁਣ ਸਮਾਂ ਆ ਗਿਆ ਹੈ ਕਿ ਅਸੀਂ ਖਾਰਜ ਕਰ ਰਹੇ ਸੀ। ਪਰ ਆਓ ਇੱਕ ਪ੍ਰਾਰਥਨਾ ਕਤਾਰ ਬਣਾਈਏ, ਇੱਕ ਛੋਟੀ ਜਿਹੀ ਪ੍ਰਾਰਥਨਾ ਕਤਾਰ, ਫਿਰ ਅਸੀਂ ਕੱਲ੍ਹ ਸ਼ੁਰੂ ਕਰਾਂਗੇ।

235 ਉਸ ਨੇ ਅੱਜ ਪ੍ਰਾਰਥਨਾ ਕਾਰਡ ਦਿੱਤੇ ਹਨ। ਇਸ ਲਈ, ਅਸੀਂ ਹਰ ਰੋਜ਼ ਕਾਰਡ ਦਿੰਦੇ ਹਾਂ, ਤਾਂ ਜੋ ਹਰੇਕ ਨੂੰ ਮੌਕਾ ਮਿਲ ਸਕੇ ਜੇਕਰ ਉਹ ਕਿਸੇ ਅਜੀਬ ਸਮੇਂ ਤੇ ਆਉਂਦੇ ਹਨ। ਪ੍ਰਾਰਥਨਾ ਲਾਈਨ ਵਿੱਚ ਆਉਣਾ, ਇਹ ਤੁਹਾਨੂੰ ਚੰਗਾ ਨਹੀਂ ਕਰਦਾ। ਹਰ ਕੋਈ ਜਾਣਦਾ ਹੈ, ਹਰ ਸਭਾ ਵਿੱਚ, ਜਿੰਨ੍ਹੇ ਲੋਕ ਇੱਥੇ ਚੰਗੇ ਹੋਏ ਹਨ ਉਹਦੇ ਨਾਲੋਂ ਬਾਹਰ ਬਹੁਤ ਜਣੇ ਚੰਗੇ ਹੋਏ ਹਨ, ਵੇਖੋ, ਹਮੇਸ਼ਾਂ। ਪਵਿੱਤਰ ਆਤਮਾ ਉਸੇ ਤਰ੍ਹਾਂ ਹੀ ਸਰਵ ਵਿਆਪਕ ਹੈ। ਉਹ ਸਿਰਫ ਵਿਸ਼ਵਾਸੀਆਂ ਨੂੰ ਲੱਭਣ ਦੀ ਕੋਸ਼ਿਸ਼ ਕਰ ਰਿਹਾ ਹੈ, ਉਹ ਸਭ, ਉਹ ਲੈ ਸਕਦਾ ਹੈ।

236 ਪ੍ਰਾਰਥਨਾ ਕਾਰਡ ਪੀ. ਦਿਓ, ਜਿਵੇਂ ਕਿ ਪੌਲ ਵਿੱਚ। ਚਲੋ, ਅਸੀਂ ਕਿੱਥੇ ਸੀ…ਖੈਰ, ਇੱਕ ਤੋਂ ਬੁਲਾਓ। ਇੱਕ, ਦੋ, ਤਿੰਨ, ਚਾਰ, ਪੰਜ, ਛੇ, ਸੱਤ, ਅੱਠ, ਨੌਂ, ਦਸ, ਜੇ ਤੁਸੀਂ ਚਾਹੋ, ਤਾਂ ਉਨ੍ਹਾਂ ਨੂੰ ਇੱਥੇ ਖੜ੍ਹੇ ਹੋਣ ਦਿਓ। ਉਹਨਾਂ ਦਾ ਪ੍ਰਾਰਥਨਾ ਕਾਰਡ ਪੀ, ਜਿਵੇਂ ਪੌਲ ਵਿੱਚ, ਇੱਕ ਤੋਂ ਦਸ, ਇੱਥੇ ਇਸ ਪਾਸੇ ਖੜੇ ਹੋਵੋ, ਜੇ ਤੁਸੀਂ ਖੜੇ ਹੋ ਸਕਦੇ ਹੋ। ਜੇਕਰ ਤੁਸੀਂ ਨਹੀਂ ਕਰ ਸਕਦੇ, ਤਾਂ ਅਸੀਂ ਤੁਹਾਡੀ ਮਦਦ ਲਈ ਕਿਸੇ ਨੂੰ ਭੇਜਾਂਗੇ। ਦਸ; ਇੱਕ, ਦੋ, ਤਿੰਨ, ਚਾਰ, ਪੰਜ, ਛੇ, ਸੱਤ, ਅੱਠ…ਠੀਕ ਹੈ, ਦੋ ਹੋਰ। ਅੱਠ, ਨੌਂ, ਦਸ, ਠੀਕ ਹੈ। ਦਸ ਤੋਂ ਪੰਦਰਾਂ, ਦਸ ਤੋਂ ਪੰਦਰਾਂ, ਇਹ ਪੰਜ ਹੋਰ ਹਨ। ਪੰਦਰਾਂ ਤੋਂ ਵੀਹ, ਖੜ੍ਹੇ ਹੋਵੋ ਤਾਂ ਜੋ ਮੈਂ ਦੇਖ ਸਕਾਂ ਕਿ ਕੀ ਤੁਸੀਂ ਉੱਠ ਰਹੇ ਹੋ; ਪੀ, ਪੰਦਰਾਂ ਤੋਂ ਵੀਹ। ਵੀਹ ਤੋਂ ਪੱਚੀ। ਆਓ ਹੁਣ ਦੇਖੀਏ, ਤੁਸੀਂ ਜਿੱਥੇ ਵੀ ਹੋ। ਹੁਣ ਬਾਕੀ ਸਰੋਤਿਆਂ ਨੂੰ ਆਦਰ ਸਹਿਤ ਹੋਣ ਦਿਓ, ਬੱਸ ਕੁਝ ਮਿੰਟ। ਉਹ ਪ੍ਰਾਰਥਨਾ ਕਾਰਡ ਪੀ, ਇੱਕ ਤੋਂ ਪੱਚੀ ਤੱਕ ਹੋਵੇਗਾ। ਹੈ ਨਾ? ਪੱਚੀ, ਇੱਕ ਤੋਂ ਪੱਚੀ।

237 ਹੁਣ ਬਾਕੀ ਸਾਰੇ ਆਦਰ ਸਹਿਤ ਰਹੋ। ਪਰਮੇਸ਼ੁਰ ਨੂੰ ਇੰਨਾ ਆਦਰ ਦਿਓ, ਸੰਦੇਸ਼ ਦਿਓ। ਤੁਸੀਂ ਇੱਕ ਮਿੰਟ ਦੇਖਣ ਅਤੇ ਵਿਚਾਰ ਕਰਨ ਲਈ, ਪਰਮੇਸ਼ੁਰ ਦੇ ਕਰਜ਼ਦਾਰ ਹੋ।

238 ਹੁਣ ਮੈਨੂੰ ਲੱਗਦਾ ਹੈ ਕਿ ਉਹ ਲੋਕਾਂ ਨੂੰ ਤਿਆਰ ਕਰ ਰਹੇ ਹਨ। ਉਹ ਜੋ ਨਹੀਂ…ਜੇ ਉਨ੍ਹਾਂ ਕੋਲ ਪ੍ਰਾਰਥਨਾ ਕਾਰਡ ਹੈ, ਜੇ ਉਹ ਸਾਰੇ ਕਤਾਰ ਵਿੱਚ ਨਹੀਂ

ਹਨ, ਉਹ ਪਤਾ ਲਗਾਉਣਗੇ; ਉਹ ਮੈਨੂੰ ਕੁਝ ਮਿੰਟਾਂ ਵਿੱਚ ਦੱਸਣਗੇ, ਅਤੇ ਫਿਰ ਉਹ...ਫਿਰ ਅਸੀਂ ਦੇਖਾਂਗੇ ਕਿ ਸ਼ਾਇਦ ਕੋਈ ਕੰਨੋਂ ਬੋਲ਼ਾ ਹੈ ਜਾਂ ਕੋਈ ਜੋ ਨਹੀਂ ਕਰ ਸਕਦਾ।

239 ਮੈਨੂੰ ਨਹੀਂ ਪਤਾ ਕਿ ਉਹ ਕਿੱਥੇ ਹਨ, ਦੋਸਤੋ, ਉਹ ਪ੍ਰਾਰਥਨਾ ਕਾਰਡ। ਲੜਕਾ ਇੱਥੇ ਹੇਠਾਂ ਆ ਗਿਆ ਹੈ...(ਉਹਨਾਂ ਨੂੰ ਕਿਸ ਨੇ ਦਿੱਤਾ? ਕੀ ਤੁਸੀਂ, ਜਾਂ ਬਿਲੀ ਨੇ? ਬਿਲੀ ਨੇ?) ਖੈਰ ਉਹ ਹੇਠਾਂ ਆਉਂਦਾ ਹੈ, ਅਤੇ ਉਹਨਾਂ ਕਾਰਡਾਂ ਨੂੰ ਰਲਾ ਦਿੰਦਾ ਹੈ, ਤੁਹਾਡੇ ਲੋਕਾਂ ਤੋਂ ਸਾਹਮਣੇ, ਫਿਰ ਤੁਹਾਨੂੰ ਇੱਕ ਪ੍ਰਾਰਥਨਾ ਕਾਰਡ ਦਿੰਦਾ ਹੈ; ਸਿੱਧਾ ਹੇਠਾਂ ਆਉਂਦਾ ਹੈ, ਤੁਹਾਨੂੰ ਸਾਰਿਆਂ ਨੂੰ ਬੈਠਣ ਲਈ ਕਹਿੰਦਾ ਹੈ, ਤੁਹਾਨੂੰ ਪ੍ਰਾਰਥਨਾ ਕਾਰਡ ਦਿੰਦਾ ਹੈ। ਸਮਝੇ? ਮੈਨੂੰ ਨਹੀਂ ਪਤਾ ਕਿ ਉਹ ਕਿੱਥੇ ਹਨ। ਮੈਂ ਇਸ ਬੱਚੇ ਨੂੰ ਇੱਥੇ ਲਿਆਉਣ ਦੀ ਕੋਸ਼ਿਸ਼ ਕਰ ਰਿਹਾ ਹਾਂ, ਦੇਖੋ। ਅਤੇ, ਹੋਰ, ਮੈਨੂੰ—ਮੈਨੂੰ ਨਹੀਂ ਪਤਾ, ਮੇਰੇ—ਮੇਰੇ ਕੋਲ ਇਹ ਜਾਣਨ ਦਾ ਕੋਈ ਤਰੀਕਾ ਨਹੀਂ ਹੈ। ਮੇਰਾ ਅਨੁਮਾਨ ਹੈ ਕਿ ਪਰਮੇਸ਼ੁਰ ਇਸ ਨੂੰ ਉਸੇ ਤਰ੍ਹਾਂ ਠਹਿਰਾਵੇ ਜਿਸ ਤਰ੍ਹਾਂ ਉਹ ਚਾਹੁੰਦਾ ਹੈ ਕਿ ਇਸ ਨੂੰ ਠਹਿਰਾਇਆ ਜਾਵੇ।

240 ਹੁਣ, ਹੁਣ ਤੁਹਾਡੇ ਵਿੱਚੋਂ ਬਾਕੀ, ਜਿਨ੍ਹਾਂ ਕੋਲ ਪ੍ਰਾਰਥਨਾ ਕਾਰਡ ਨਹੀਂ ਹੈ। ਆਪਣਾ ਹੱਥ ਉਠਾਓ, ਕਹੋ, "ਮੇਰੇ ਕੋਲ ਪ੍ਰਾਰਥਨਾ ਕਾਰਡ ਨਹੀਂ ਹੈ, ਪਰ ਮੈਂ ਬਿਮਾਰ ਹਾਂ।" ਇਮਾਰਤ ਵਿੱਚ ਕਿਤੇ ਵੀ, ਆਪਣਾ ਹੱਥ ਉਠਾਓ। ਮੈਨੂੰ ਕੋਈ ਪਰਵਾਹ ਨਹੀਂ ਕਿ ਤੁਸੀਂ ਕਿੱਥੇ ਹੋ, ਆਪਣਾ ਹੱਥ ਉੱਚਾ ਕਰੋ...ਖੈਰ, ਹੁਣ, ਇੱਥੇ ਬਹੁਤ ਸਾਰੇ ਲੋਕ ਨਹੀਂ ਹਨ। ਖੈਰ, ਉਸ ਅਨੁਸਾਰ, ਕੱਲ੍ਹ ਨੂੰ ਹੁਣ ਪ੍ਰਾਰਥਨਾ ਕਤਾਰ ਲਈ ਪ੍ਰਾਰਥਨਾ ਕਰਨ ਵਿੱਚ ਬਹੁਤ ਸਮਾਂ ਨਹੀਂ ਲੱਗੇਗਾ। ਇੱਥੇ ਲਗਭਗ ਵੀਹ ਹਨ, ਜੋ ਇੱਥੇ ਖੜ੍ਹੇ ਹਨ, ਉਹ ਬਿਮਾਰ ਹਨ।

241 ਇਹ ਚੰਗੀ ਗੱਲ ਹੈ। ਮੈਨੂੰ ਇਹ ਦੇਖ ਕੇ ਖੁਸ਼ੀ ਹੋਈ ਕਿ ਤੁਸੀਂ ਇਸਨੂੰ ਇਸ ਤਰ੍ਹਾਂ ਸਵੀਕਾਰ ਕਰਦੇ ਹੋ। ਸ਼ਾਇਦ, ਜਿਨਾ ਮੈਂ ਸੋਚਿਆ ਸੀ ਤੁਹਾਡੇ ਕੋਲ ਉਸ ਨਾਲੋਂ ਜਿਆਦਾ ਵਿਸ਼ਵਾਸ ਸੀ। ਸਮਝੇ? ਸ਼ਮਝੈ? ਜੇ ਤੁਸੀਂ ਆਪਣੀ ਚੰਗਾਈ ਨੂੰ ਸਵੀਕਾਰ ਕਰ ਲਿਆ ਹੈ, ਆਪਣਾ ਕਾਰਡ ਸੁੱਟ ਦਿਓ, ਪਰਮੇਸ਼ੁਰ ਤੁਹਾਨੂੰ ਅਸੀਸ ਦੇਵੇ। ਇਹ ਅਸਲ ਸੱਚਾ ਵਿਸ਼ਵਾਸ ਹੈ। ਕਿਸੇ ਨੇ ਤੁਹਾਡੇ ਤੇ ਹੱਥ ਨਹੀਂ ਰੱਖੇ; ਤੁਸੀਂ ਮਸੀਹ ਉੱਤੇ ਹੱਥ ਰੱਖੇ ਹਨ।

242 ਹੁਣ ਤੁਸੀਂ ਅੱਜ ਰਾਤ ਇੱਥੇ, ਜਿਹੜੇ ਪ੍ਰਾਰਥਨਾ ਕਤਾਰ ਵਿੱਚ ਨਹੀਂ ਹੋਣਗੇ, ਤੁਸੀਂ ਇਸ ਕਹਾਣੀ ਤੇ ਵਿਸ਼ਵਾਸ ਕਰਿਓ। ਉਸ ਤੀਵੀਂ ਵਾਂਗੂੰ ਜਿਸਨੇ ਉਸਦੇ ਚੋਗੇ ਦੇ ਕਿਨਾਰੇ ਨੂੰ ਛੂਹਿਆ ਸੀ, ਅਤੇ ਉਸਨੇ ਪਿਛਾਂਹ ਮੁੜਿਆ ਅਤੇ ਜਾਣ ਲਿਆ ਕਿ ਉਸਨੇ ਉਸਨੂੰ ਛੂਹਿਆ ਸੀ, ਕਿੰਨਿਆਂ ਨੂੰ ਉਹ ਕਹਾਣੀ ਯਾਦ ਹੈ? ਯਕੀਨਨ, ਤੁਹਾਨੂੰ ਯਾਦ ਹੈ।

243 ਹੁਣ ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ, ਉਹ, ਬਾਈਬਲ ਨੇ ਇਬਰਾਨੀਆਂ 4 ਵਿੱਚ ਕਿਹਾ ਹੈ, ਕਿ, "ਉਹ ਇਸ ਵੇਲੇ, ਮਹਾਂ ਜਾਜਕ ਹੈ, ਜਿਸ ਨੂੰ ਸਾਡੀਆਂ ਦੁਰਬਲਤਾਈਆਂ ਦੇ ਅਹਿਸਾਸ ਨਾਲ ਛੂਹਿਆ ਜਾ ਸਕਦਾ ਹੈ"? [ਕਲੀਸਿਯਾ ਕਹਿੰਦੀ ਹੈ, "ਆਮੀਨ।"—ਸੰਪਾ.] ਅੱਛਾ, ਜੇ ਉਹ ਕੱਲ੍ਹ, ਅੱਜ, ਅਤੇ ਸਦਾ ਲਈ ਇੱਕੋ ਜਿਹਾ ਹੈ, ਤਾਂ ਕੀ ਉਹ ਉਹੀ ਕੰਮ ਨਹੀਂ ਕਰੇਗਾ? ["ਆਮੀਨ।"] ਕੀ ਉਸਨੇ ਇਹ ਨਹੀਂ ਕੀਤਾ, ਰਾਰ ਬਰ ਰਾਤ, ਇੱਥੇ? ["ਆਮੀਨ।"] ਕਿੰਨੇ ਲੋਕ ਹੋਰ ਸਭਾਵਾਂ ਵਿੱਚ ਸਨ ਅਤੇ ਉਸਨੂੰ ਇਹ ਕਰਦੇ ਹੋਏ ਦੇਖਿਆ ਸੀ? ਬਸ ਉਠਾਓ…["ਆਮੀਨ।"] ਯਕੀਨਨ। ਵੇਖਿਆ? ਸੰਸਾਰ ਭਰ ਵਿਚ! ਉਹ ਜਾਣਦਾ ਹੈ, ਉਹ ਤੁਹਾਡੇ ਬਾਰੇ ਸਭ ਕੁਝ ਜਾਣਦਾ ਹੈ।

244 ਹੁਣ ਦੇਖੋ ਮੈਂ ਕੀ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ? ਕਿੰਨੇ ਸਮਝਦੇ ਹਨ ਕਿ ਮੈਂ ਤੁਹਾਡੇ ਤੋਂ ਕੀ ਕਰਵਾਉਣਾ ਚਾਹੁੰਦਾ ਹਾਂ? ਸਮਝੇ? ਮੈਂ ਤੈਨੂੰ ਚਾਹੁੰਦਾ ਹਾਂ, ਤੁਹਾਡੇ ਉੱਤੇ ਕੋਈ ਹੱਥ ਰੱਖੇ ਬਿਨਾਂ, ਮੈਂ ਤੈਨੂੰ ਚਾਹੁੰਦਾ ਹਾਂ, ਪਰਮੇਸ਼ੁਰ ਦੇ ਸੱਚੇ ਲੇਖ ਦੇ ਰੂਪ ਵਿੱਚ, ਆਖੋ, "ਯਿਸੂ ਮਸੀਹ, ਮੈਂ ਤੁਹਾਡੇ ਤੇ ਵਿਸ਼ਵਾਸ ਕਰਦਾ ਹਾਂ। ਮੈਂ ਹੁਣ ਤੁਹਾਨੂੰ ਆਪਣਾ ਚੰਗਾ ਕਰਨ ਵਾਲਾ ਸਵੀਕਾਰ ਕਰਦਾ ਹਾਂ। ਮੈਂ ਹੁਣ ਤੁਹਾਨੂੰ ਆਪਣੇ ਮੁਕਤੀਦਾਤਾ ਵਜੋਂ ਸਵੀਕਾਰ ਕਰਦਾ ਹਾਂ। ਮੈਂ ਇਸ ਤੇ ਪੂਰੇ ਦਿਲ ਤੋਂ ਵਿਸ਼ਵਾਸ ਕਰਦਾ ਹਾਂ, ਇਸ ਦਾ ਕੰਮ ਹੋ ਗਿਆ ਹੈ।" ਫਿਰ ਉਸ ਵਾਅਦੇ ਨੂੰ ਫੜ ਲਓ, ਆਪਣੇ ਇਕਰਾਰ ਨੂੰ ਫੜ ਲਓ ਅਤੇ ਇਸ ਦੇ ਨਾਲ ਅੱਗੇ ਵਧੋ। ਫਿਰ ਦੇਖੋ ਕੀ ਹੁੰਦਾ ਹੈ। ਸਮਝੇ? ਦੇਖੋ ਕੀ ਹੁੰਦਾ ਹੈ। ਸਮਝੇ? ਹੁਣ ਇਹ ਉਹ ਹੈ ਜੋ ਮੈਂ ਕੋਸ਼ਿਸ਼ ਕਰ ਰਿਹਾ ਹਾਂ ਕਿ ਤੁਸੀ ਕਰੋ, ਅਸਲ ਤਰੀਕਾ ਜਿਸ ਤਰ੍ਹਾਂ ਸਾਨੂੰ ਵਿਸ਼ਵਾਸ ਕਰਨਾ ਚਾਹੀਦਾ ਹੈ।

245 ਤੁਸੀਂ ਕੀ ਕਹੋਗੇ? [ਕੋਈ ਕਹਿੰਦਾ ਹੈ, "ਚਾਰ ਅਤੇ ਉਨ੍ਹੀ।"—ਸੰਪਾ.] ਨੰਬਰ ਚਾਰ, ਪ੍ਰਾਰਥਨਾ ਕਾਰਡ ਨੰਬਰ ਚਾਰ ਅਤੇ ਨੰਬਰ ਉੰਨੀ, ਗਾਇਬ ਹੈ। ਪ੍ਰਾਰਥਨਾ ਕਾਰਡ ਚਾਰ। ਕਿਸੇ ਨੂੰ ਵੇਖੋ; ਆਪਣੇ ਗੁਆਂਢੀਆਂ ਦੇ ਕਾਰਡ ਦੇਖੋ। ਪ੍ਰਾਰਥਨਾ ਕਾਰਡ ਨੰਬਰ ਚਾਰ ਅਤੇ ਨੰਬਰ ਉਨ੍ਹੀ। ਠੀਕ ਹੈ, ਇੱਕ ਪਲ, ਉਡੀਕ ਕਰੋ। ਦੇਖੋ, ਜੇ ਮੈਂ ਉਸਨੂੰ ਨਹੀਂ ਬੁਲਾਉਂਦਾ, ਤਾਂ ਮੈਨੂੰ ਇਸ ਤੇ ਮੁੜ੍ਹ ਪੁਕਾਰ ਕਰਾਂਗਾ, ਤੁਸੀਂ ਦੇਖੋ। ਕੀ ਕਿਹਾ? ਕੀ ਕਿਹਾ? ["ਚਾਰ।"] ਤੁਹਾਡੇ ਕੋਲ ਚਾਰ ਹੈ? ਨੌਂ ਬਾਰੇ ਕੀ-…ਅਜੇ ਤੱਕ ਕੋਈ ਉੱਨੀ ਨਹੀਂ। ਕੀ ਕਹਿਣਾ ਹੈ? ["ਚਾਰ ਵੀ।"] ਪ੍ਰਾਰਥਨਾ ਕਾਰਡ ਨੰਬਰ ਚਾਰ ਅਜੇ ਵਿੱਚ ਨਹੀਂ ਹੈ, ਜਾਂ ਉਨ੍ਹੀ। ਜੇਕਰ ਕਿਸੇ ਕੋਲ ਉਹਨਾਂ ਦੇ ਕਾਰਡ ਹਨ, ਜੇ ਤੁਸੀਂ ਕਤਾਰ ਵਿੱਚ ਆਉਂਦੇ ਹੋ। ਜਾਂ, ਦੇਖੋ, ਦੇਖੋ, ਇਹ ਹੋ ਸਕਦਾ ਹੈ…ਕੋਈ ਵੀ ਹੈ…ਕੀ ਉਸ ਛੋਟੇ ਬੱਚੇ ਕੋਲ ਕਾਰਡ ਹੈ? ਵੇਖੋ, ਨਹੀਂ ਹੈ…ਇਹ ਨੰਬਰ ਨਹੀਂ ਹੈ। ਕੀ *ਇਸ* ਵ੍ਹੀਲ ਚੇਅਰ ਤੇ ਇਸ ਔਰਤ ਕੋਲ ਕੋਈ ਕਾਰਡ ਹੈ? ਉਸਦਾ ਨੰਬਰ ਚੈੱਕ ਕਰੋ। ਕੀ ਉਹ—ਕੀ ਇਹ

ਉਸਦਾ ਨੰਬਰ ਹੈ? ਇੱਕ ਮੰਜੇ ਤੇ ਇੱਕ ਔਰਤ ਹੈ, ਹੂੰ? ਇਹ ਉਨ੍ਹਾਂ ਕੋਲ ਹੈ। ਉਹ, ਹੁਣ ਸਾਰੇ ਅੰਦਰ ਹਨ। ਠੀਕ ਹੈ। ਸਭ ਠੀਕ ਹੈ। ਹੁਣ—ਹੁਣ, ਤੁਸੀਂ ਲੋਕ ਜਿਨ੍ਹਾਂ ਕੋਲ ਪ੍ਰਾਰਥਨਾ ਕਾਰਡ ਹੈ, ਉਨ੍ਹਾਂ ਕਾਰਡਾਂ ਨੂੰ ਫੜੋ। ਅਸੀਂ ਪਰਮੇਸ਼ੁਰ ਦੀ ਕਿਰਪਾ ਨਾਲ, ਸੇਵਕਾਈ ਕਰਨ ਜਾ ਰਹੇ ਹਾਂ।

246 ਹੁਣ, ਦੋਸਤੋ, ਇਹ ਆਖਰੀ ਰਾਤ ਹੈ ਜੋ ਸਾਡੇ ਕੋਲ ਹੋਵੇਗੀ, ਕੱਲ੍ਹ ਦੁਪਹਿਰ ਐਤਰਵਾਰ ਹੈ, ਆਓ ਆਪਣੇ ਆਪ ਨੂੰ ਸ਼ਾਂਤ ਕਰੀਏ। ਹੁਣ ਬੱਸ ਹਰ ਅਵਿਸ਼ਵਾਸ ਨੂੰ ਲਓ ਜੋ ਤੁਹਾਡੇ ਕੋਲ ਹੈ ਅਤੇ ਹਰੇਕ—ਹਰੇਕ ਅਸੰਗਤ ਸੋਚ, ਅਤੇ ਇਸ ਨੂੰ ਫਰਸ਼ ਤੇ ਰੱਖ ਦਿਓ, ਅਤੇ ਇਸ ਉੱਤੇ ਆਪਣਾ ਪੈਰ ਰੱਖੋ, ਜਿਵੇਂ ਇਹ ਸੀ। ਆਖੋ, "ਪ੍ਰਭੂ ਯਿਸੂ, ਮੈਂ ਤੁਹਾਡੇ ਤੇ ਵਿਸ਼ਵਾਸ ਕਰਨ ਜਾ ਰਿਹਾ ਹਾਂ।" ਕਿੰਨੇ ਕੁ ਅਜਿਹਾ ਕਰਨਗੇ? [ਕਲੀਸਿਯਾ ਕਹਿੰਦੀ ਹੈ, "ਆਮੀਨ।"—ਸੰਪਾ.] ਤੁਹਾਡਾ ਧੰਨਵਾਦ। ਪਰਮੇਸ਼ੁਰ ਤੁਹਾਨੂੰ ਆਸ਼ੀਸ਼ ਦੇਵੇ।

247 ਹੁਣ ਕੋਈ ਵੀ ਨਾ ਜਾਵੇ। ਬਹੁਤ ਸ਼ਾਂਤ ਬੈਠੋ, ਅਤੇ ਵਿਸ਼ਵਾਸ ਕਰੋ। ਇਸ ਤਰੀਕੇ ਨਾਲ ਦੇਖੋ, ਅਤੇ ਹੁਣ ਦੇਖੋ।

248 ਪਰਮੇਸ਼ੁਰ ਦੀ ਪਛਾਣ ਹੈ ਕਿ ਉਹ ਹਮੇਸ਼ਾ ਤੋਂ ਜਾਣਦਾ ਹੈ, ਜੋ ਹੋਇਆ ਹੈ ਉਸ ਨੂੰ ਅੱਗੇਤਰਾ ਵੇਖ ਸਕਦਾ ਹੈ, ਅਤੇ ਦੱਸ ਸਕਦਾ ਹੈ ਕਿ ਕੀ ਹੋਇਆ ਹੈ, ਇਹ ਕਿਵੇਂ ਹੈ, ਜਾਂ ਕੀ ਹੋਵੇਗਾ। ਸਾਨੂੰ ਇਹ ਪਤਾ ਹੈ ਕਿ। ਇਸ ਤਰ੍ਹਾਂ ਨਬੀਆਂ ਨੂੰ ਜਾਣਿਆ ਜਾਂਦਾ ਸੀ। ਇਸ ਤਰ੍ਹਾਂ ਯਿਸੂ ਨੂੰ ਮਸੀਹਾ ਵਜੋਂ ਜਾਣਿਆ ਜਾਂਦਾ ਸੀ। ਅਤੇ ਉਹ ਅੱਜ ਵੀ ਉਹੀ ਮਸੀਹਾ ਹੈ ਜਿਵੇਂ ਕਿ ਉਹ ਉਦੋਂ ਸੀ, ਬਸ ਧਰਤੀ ਤੇ ਉਸਦਾ ਸਰੀਰ ਨਹੀਂ ਹੈ। ਉਸਨੇ ਆਪਣੀ ਆਤਮਾ ਨੂੰ ਤੁਹਾਡੇ ਸਰੀਰ, ਮੇਰੇ ਸਰੀਰ ਦੀ ਵਰਤੋਂ ਕਰਨ ਲਈ ਵਾਪਸ ਭੇਜਿਆ ਹੈ। ਹੁਣ, ਸ਼ਾਇਦ ਤੁਸੀਂ ਇਹ ਨਾ ਕਰ ਸਕਦੇ ਹੋਵੋ। ਅਸੀਂ ਜਾਣਦੇ ਹਾਂ, ਵਚਨ ਵਿੱਚ, ਇੱਕ ਪੀੜ੍ਹੀ ਵਿੱਚ ਇੱਕ ਹੁੰਦਾ ਹੈ। ਪਰ, ਦੇਖੋ, ਪਰ ਫਿਰ ਵੀ ਤੁਸੀਂ ਇਸ ਤੇ ਵਿਸ਼ਵਾਸ ਕਰ ਸਕਦੇ ਹੋ, ਅਤੇ ਤੁਹਾਨੂੰ ਹੋਰ ਚੀਜ਼ਾਂ ਹਨ ਜੋ ਤੁਸੀਂ ਕਰ ਸਕਦੇ ਹੋ, ਹਰ ਕੋਈ।

249 ਕੀ ਹੋਵੇਗਾ ਜੇਕਰ ਮੇਰੀ ਉਂਗਲੀ ਫੈਸਲਾ ਲੈਂਦੀ ਹੈ, ਕਿਉਂਕਿ ਇਹ ਮੇਰੀ ਅੱਖ ਨਹੀਂ ਹੈ, ਇਹ ਹੁਣ ਮੇਰੀ ਉਂਗਲ ਨਹੀਂ ਰਹੇਗੀ? ਕੀ ਜੇ ਇਹ ਬਾਂਹ ਕਹੇ, "ਮੈਂ ਹੋਰ ਨਹੀਂ ਉਠਾਂਗੀ, ਕਿਉਂਕਿ ਜੇ ਮੈਂ ਅੱਖ ਜਾਂ ਕੰਨ ਨਹੀਂ ਹਾਂ, ਤਾਂ ਮੈਂ ਬਾਂਹ ਨਹੀਂ ਬਣਾਂਗਾ"? ਕਿਉਂ, ਇਹ ਮੇਰੇ ਸਰੀਰ ਨੂੰ ਅਪਾਹਜ ਕਰ ਦੇਵੇਗਾ।

ਤੁਸੀਂ ਉਹ ਬਣੋ ਜੋ ਪਰਮੇਸ਼ੁਰ ਤੁਹਾਨੂੰ ਬਣਾਉਂਦਾ ਹੈ।

250 ਮੈਂ ਕਿੰਨੀ ਵਾਰ ਔਰਲ ਰੌਬਰਟਸ, ਬਿਲੀ ਗ੍ਰਾਹਮ, ਟੌਮੀ ਓਸਬੋਰਨ ਦੀ ਪ੍ਰਸ਼ੰਸਾ ਕੀਤੀ ਹੈ!

251 ਉਨ੍ਹਾਂ ਵਿੱਚੋਂ ਕੁਝ ਆਦਮੀ ਉੱਥੇ ਜਾਂਦੇ ਹਨ ਅਤੇ ਕਹਿੰਦੇ ਹਨ, "ਪਰਮੇਸ਼ੁਰ ਦੀ ਵਡਿਆਈ ਹੋਵੇ! ਇਸ ਤੇ ਵਿਸ਼ਵਾਸ ਕਰੋ!" ਬੁਲਡੋਗ ਜਿਹਾ ਵਿਸ਼ਵਾਸ। ਦੂਰ ਚਲੇ ਜਾਂਦੇ ਹਨ, ਉੱਥੋਂ ਇੰਨੇ ਤਾਜੇ ਹੋ ਕੇ ਬਾਹਰ ਨਿਕਲਦੇ ਹਨ ਜਿਨੇ ਉਹ ਹੋ ਸਕਦੇ ਹਨ।

252 ਬਿਲੀ ਗ੍ਰਾਹਮ ਇੱਕ ਸੰਦੇਸ਼ ਦੇ ਨਾਲ ਖੜ੍ਹਾ ਹੁੰਦਾ ਹੈ, ਅਤੇ ਲੋਕਾਂ ਨਾਲ ਕੁਝ ਮਿੰਟ ਬੋਲਦਾ ਹੈ, ਕਹਿੰਦਾ ਹੈ, "ਆਪਣਾ ਫੈਸਲਾ ਕਰੋ; ਜਗਵੇਦੀ ਤੇ ਆਓ।" ਬੱਸ ਉੱਥੇ ਖੜ੍ਹੇ ਰਹੋ, ਕਦੇ ਵੀ ਕੋਈ ਹੋਰ ਚਾਲ ਨਾ ਚੱਲੋ।

ਉਸ ਨੇ ਕਿਹਾ, "ਤਾਂ ਤੁਸੀਂ ਅਜਿਹਾ ਕਿਉਂ ਕਰਦੇ ਹੋ, ਬਿਲੀ?"

253 ਕਿਹਾ, "ਮੇਰਾ ਸੰਦੇਸ਼ ਅੱਗੇ ਗਿਆ ਹੈ। ਇਹ ਪਰਮੇਸ਼ੁਰ ਵੱਲੋਂ ਆਇਆ ਹੈ।" ਇਹ ਠੀਕ ਹੈ।

254 ਉਹ ਉਸ ਸੱਦੂਮ ਕਲੀਸੀਆ ਵਿੱਚ ਹੈ, ਬਿਲਕੁਲ ਉਹੀ ਜੋ ਹੋਣਾ ਚਾਹੀਦਾ ਹੈ। ਉਸ ਦਾ ਨਾਮ ਅਬਰਾਹਾਮ ਦੇ ਛੇ ਅੱਖਰਾਂ ਦੇ ਹ-ਆ-ਮ ਨਾਲ ਖਤਮ ਹੁੰਦਾ ਹੈ; ਅਬਰਾਹਾਮ ਸੱਤ ਅੱਖਰਾਂ ਦਾ ਨਾਮ ਸੀ। ਉਸ ਕਲੀਸੀਆ ਦੇ ਦੂਤ ਨੂੰ ਦੇਖੋ, ਬਾਬਲ ਵਿੱਚ? ਯਕੀਨਨ। ਬਿਲੀ ਗ੍ਰਾਹਮ ਵਰਗਾ ਇਸ ਦੇਸ਼ ਵਿੱਚ ਕੋਈ ਆਦਮੀ ਨਹੀਂ ਹੈ ਜਿਸ ਨੇ ਪਸ਼ਚਾਤਾਪ ਦੇ ਇਸ ਸੰਦੇਸ਼ ਨੂੰ ਇਸ ਤਰ੍ਹਾਂ ਫੜਿਆ ਹੋਵੇ। ਉਹ ਥਾਂ ਖੜਾ ਹੁੰਦਾ ਹੈ। ਓਥੋਂ ਜਾਂਦਾ ਹੈ, ਟੀ-ਬੋਨ ਮਾਸ ਖਾਣ ਜਾਂਦਾ ਹੈ, ਜੋਂ ਮਿਲਿਆ ਦੂਧ ਪੀਂਦਾ ਹੈ ਤੇ ਸੌਣ ਲਈ ਚਲਾ ਜਾਂਦਾ ਹੈ। ਇਹ ਠੀਕ ਹੈ।"

255 ਅਤੇ ਜਦੋਂ ਤੁਹਾਨੂੰ ਖੜ੍ਹੇ ਹੋ ਕੇ ਸ਼ੈਤਾਨਾਂ ਨਾਲ ਲੜਨਾ ਪੈਂਦਾ ਹੈ! ਇੱਕ ਵਾਰ ਲੌਂਗ ਬੀਚ ਤੇ, ਭਾਈ ਜੈਕ ਅਤੇ ਮੈਂ...ਤੁਹਾਡੇ ਪਿਤਾ ਜੀ ਉਥੇ ਖੜ੍ਹੇ ਸਨ।

256 ਅਤੇ ਉੱਥੇ ਮਿਸਟਰ ਫੁਲਰ, ਚਾਰਲਸ ਫੁਲਰ, ਇੱਕ ਵਧੀਆ ਭਾਈ, ਉੱਥੇ ਖੜਾ ਪ੍ਰਚਾਰ ਕਰ ਰਿਹਾ ਸੀ। ਉਸ ਦੁਪਹਿਰ ਕਰੀਬ ਦੋ-ਤਿੰਨ ਹਜ਼ਾਰ ਲੋਕ ਉੱਥੇ ਸਨ। ਅਸੀਂ ਬੈਠੇ ਅਤੇ ਉਸ ਦੀ ਸਭਾ ਨੂੰ ਸੁਣਿਆ। ਮੈਂ ਉਸ ਤੋਂ ਬਾਅਦ, ਆਡੀਟੋਰੀਅਮ ਕਿਰਾਏ ਤੇ ਲਿਆ ਸੀ। ਅਤੇ ਉਸ ਨੇ ਉੱਥੇ ਖੜ੍ਹੇ ਹੋ ਕੇ ਵਧੀਆ ਗੱਲਬਾਤ ਕੀਤੀ ਸੀ। ਅਤੇ ਕਿਹਾ, "ਇੱਥੇ ਕੋਈ ਹੈ ਜੋ ਮਸੀਹ ਨੂੰ ਸਵੀਕਾਰ ਕਰਨਾ ਚਾਹੁੰਦਾ ਹੈ?" ਦੋ ਜਾਂ ਤਿੰਨ ਲੋਕ ਆਪਣੇ ਬੱਚਿਆਂ ਨੂੰ ਸਮਰਪਿਤ ਕਰਾਉਣ ਲਈ ਆਏ ਸਨ। ਇਕ ਔਰਤ ਨੇ ਕਿਹਾ ਕਿ ਉਹ ਇਸ ਨੂੰ ਸਵੀਕਾਰ ਕਰਨਾ ਚਾਹੁੰਦੀ ਹੈ। ਉੱਪਰ ਆਇਆ, ਅਤੇ ਛੋਟੀ ਜਿਹੀ ਪ੍ਰਾਰਥਨਾਂ ਕੀਤੀ, ਡੀਕਨਾਂ ਵਿੱਚੋਂ ਇੱਕ, ਵਾਪਸ ਚਲਾ ਗਿਆ ਅਤੇ ਬੈਠ ਗਿਆ। ਉਸਨੇ ਹੱਥ ਮਿਲਾਇਆ, ਉਹ ਮੁੜਿਆ ਅਤੇ ਬਾਹਰ ਚਲਿਆ ਗਿਆ। ਉਸ ਦੇ ਬੁੱਧੀਜੀਵੀ, ਵਧੀਆ-ਕੱਪੜਿਆਂ ਵਾਲੇ ਲੋਕਾਂ ਦਾ ਸਮੂਹ, ਉੱਥੋਂ ਬਾਹਰ ਜਾ ਰਿਹਾ ਸੀ।

257 ਇੱਥੇ ਮੇਰਾ ਝੁੰਡ ਅੰਦਰ ਆਇਆ, ਟੰਗ ਜੈਕਟਾਂ, ਵ੍ਹੀਲ ਚੇਅਰਾਂ ਤੇ, ਅੰਨ੍ਹੇ, ਲੰਗੜੇ, ਅਟਕੇ, ਟੁੰਡੇ। ਜਦੋਂ ਤੁਹਾਡੀ ਨਿਹਚਾ ਇਸ ਤਰ੍ਹਾਂ ਦੀ ਕਿਸੇ ਚੀਜ਼ ਦਾ ਸਾਹਮਣਾ ਕਰਦੀ ਹੈ!

258 ਹੁਣ ਇੱਥੇ, ਮੈਂ ਮਸੀਹ ਨੂੰ ਕੀ ਹੋਣ ਦਾ ਦਾਅਵਾ ਕੀਤਾ ਹੈ? ਅਤੇ ਹੁਣ ਆਸਪਾਸ ਬੈਠੇ ਅਵਿਸ਼ਵਾਸੀ, ਇੱਕ ਨੁਕਸ ਲੱਭਣਾ ਚਾਹੁੰਦੇ ਹਨ, ਵੇਖੋ, ਸਿਰਫ ਇੱਕ ਨੁਕਸ ਲੱਭਣ ਦੀ ਕੋਸ਼ਿਸ਼ ਕਰ ਰਹੇ ਹਨ।

259 ਯਾਦ ਰੱਖੋ, ਇੱਥੇ ਟੋਰਾਂਟੋ ਵਿੱਚ ਬਹੁਤ ਸਮਾਂ ਨਹੀਂ ਹੋਇਆ, ਅਸੀਂ ਉੱਥੇ ਖੜ੍ਹੇ ਹੋ ਕੇ ਪ੍ਰਚਾਰ ਕਰ ਰਹੇ ਸੀ, ਬਿਮਾਰਾਂ ਲਈ ਪ੍ਰਾਰਥਨਾ ਕਰ ਰਹੇ ਸੀ। ਮੈਨੂੰ ਇੱਕ ਅਜੀਬ ਆਤਮਾ ਮਹਿਸੂਸ ਹੁੰਦਾ ਰਿਹਾ; ਇਹ ਮੇਰੇ ਖੱਬੇ ਪਾਸੇ ਬੈਠਾ ਸੀ। ਮੈਂ ਇਸੇ ਤੇ ਨਜ਼ਰ ਬਣਾਈ ਰੱਖੀ। ਉੱਥੇ ਇੱਕ ਆਦਮੀ ਬੈਠਾ ਸੀ, ਇੱਕ ਝੁੰਡ ਨੇ ਉਸ ਨੂੰ ਭਾੜੇ ਤੇ ਲਿਆ ਸੀ ਤਾਂ ਜੋ ਮੈਨੂੰ ਸੰਮੋਹਿਤ ਕਰੇ। ਉਹ ਫੌਜੀ ਕੈਂਪਾਂ ਕੋਲ ਜਾਂਦਾ ਅਤੇ ਸਿਪਾਹੀਆਂ ਨੂੰ ਆਪਣੇ ਹੱਥਾਂ ਭਾਰ ਖੜ੍ਹੇ ਕਰਦਾ ਅਤੇ ਕੁੱਤੇ ਵਾਂਗ ਭੌਂਕਣ ਲਈ ਮਜਬੂਰ ਕਰਦਾ ਸੀ, ਅਤੇ ਅਜਿਹੇ ਕੰਮ ਕਰਵਾਉਂਦਾ ਸੀ; ਇਹ ਸਾਰਾ ਸੰਮੋਹਣ ਸੀ।" ਮੈਂ ਉਸ ਦੁਸ਼ਟ ਆਤਮਾ ਨੂੰ ਮਹਿਸੂਸ ਕੀਤਾ। ਮੈਨੂੰ ਨਹੀਂ ਪਤਾ ਸੀ ਕਿ ਇਹ ਕਿੱਥੋਂ ਆ ਰਿਹਾ ਸੀ। ਮੈਂ ਦੇਖਦਾ ਰਿਹਾ। ਮੈਂ ਉਸ ਕਾਲੇ ਸਾਏ ਨੂੰ ਦੇਖਿਆ। ਮੈਂ ਕੁਝ ਮਿੰਟਾਂ ਲਈ ਰੁਕਿਆ ਰਿਹਾ। ਮੈਂ ਕਿਹਾ, "ਹੇ ਸ਼ੈਤਾਨ ਦੇ ਬੱਚੇ, ਸ਼ੈਤਾਨ ਨੇ ਤੇਰੇ ਮਨ ਨੂੰ ਅਜਿਹਾ ਕਰਣ ਲਈ ਕਿਉਂ ਅੰਨ੍ਹਾ ਕਰ ਦਿੱਤਾ ਹੈ? ਕਿਉਂਕਿ ਤੂੰ ਪਰਮੇਸ਼ੁਰ ਨੂੰ ਕਾਬੂ ਕਰਣ ਲਈ ਆਇਆ ਹੈਂ, ਪਰਮੇਸ਼ੁਰ ਦੀ ਆਤਮਾ ਨੂੰ ਚੁਣੌਤੀ ਦੇਣ ਲਈ, ਉਹ ਤੁਹਾਨੂੰ ਇੱਥੋਂ ਚੁੱਕ ਕੇ ਲੈ ਜਾਣਗੇ।" ਉਸ ਨੂੰ ਉੱਥੇ ਆਪਣੀ ਸੀਟ ਉੱਤੇ ਹੀ ਅਧਰੰਗ ਹੋ ਗਿਆ ਅਤੇ ਅਜੇ ਵੀ ਅਧਰੰਗੀ ਹੈ। ਵੇਖਿਆ?

260 ਅਸੀਂ ਕਲੀਸੀਆ ਦਾ ਖੇਡ ਨਹੀਂ ਖੇਡਦੇ। ਕਿੰਨੇ ਜਣੇ ਸਭਾਵਾਂ ਵਿੱਚ ਸਨ ਅਤੇ ਇਸ ਤਰ੍ਹਾਂ ਦੀਆਂ ਚੀਜ਼ਾਂ ਨੂੰ ਵਾਪਰਦਾ ਦੇਖਿਆ ਹੈ, ਤੁਸੀਂ ਉਹ ਚੀਜ਼ਾਂ ਜਾਣਦੇ ਹੋ ਜੋ ਵਾਪਰਦੀਆਂ ਹਨ? ਯਕੀਨਨ। ਇਹ ਠੀਕ ਹੈ। ਯਾਦ ਰੱਖੋ, ਆਦਰ ਸਹਿਤ ਰਹੋ—ਰਹੋ।

ਹੁਣ ਇੱਥੇ, ਮੈਨੂੰ ਲਗਦਾ ਹੈ, ਪਹਿਲਾ ਵਿਅਕਤੀ ਹੈ। ਕੀ ਇਹ ਸਹੀ ਹੈ?

261 ਹੁਣ, ਦੇਖੋ, ਮੈਂ ਪ੍ਰਚਾਰ ਕੀਤਾ ਹੈ, ਤੁਹਾਨੂੰ ਬਿਲਕੁਲ ਉਹੀ ਦੱਸ ਦਿੱਤਾ ਹੈ ਜੋ ਇਸ ਦਿਨ ਵਿੱਚ ਹੋਣਾ ਸੀ। ਹੁਣ ਜੇ ਅਜਿਹਾ ਹੁੰਦਾ ਹੈ, ਤਾਂ ਇਹ ਇੱਕ ਚਿੰਨ੍ਹ ਹੈ। ਇਹ ਉਹੀ ਹੈ ਜੋ ਚਿੰਨ੍ਹ ਸੀ, ਫਿਰ ਉਸ ਆਵਾਜ਼ ਤੇ ਵਿਸ਼ਵਾਸ ਕਰੋ ਜੋ ਚਿੰਨ੍ਹ ਦੇ ਬਾਅਦ ਆਉਂਦੀ ਹੈ। ਸਮਝੇ?

262 ਹੁਣ ਇੱਥੇ ਇੱਕ ਔਰਤ ਹੈ। ਬਿਲਕੁਲ, ਤੁਹਾਡੇ ਨਵੇਂ ਆਏ ਲੋਕਾਂ ਲਈ,

ਇਹ ਸੰਤ ਯੂਹੰਨਾ 4 ਹੈ, ਜਿੱਥੇ ਸਾਡਾ ਪ੍ਰਭੂ ਯਿਸੂ ਖੂਹ ਤੇ ਇੱਕ ਔਰਤ ਨੂੰ ਮਿਲਿਆ ਸੀ। ਉਹ ਜ਼ਿੰਦਗੀ ਵਿੱਚ, ਪਹਿਲਾਂ ਕਦੇ ਨਹੀਂ ਮਿਲੇ ਸਨ, ਅਤੇ ਉਸਨੇ ਔਰਤ ਨੂੰ ਦੱਸਿਆ ਕਿ ਉਸਦੀ ਪਰੇਸ਼ਾਨੀ ਕੀ ਸੀ। ਅਤੇ ਉਸਨੇ ਪਛਾਣ ਲਿਆ ਕਿ ਉਹ ਮਸੀਹਾ ਸੀ। ਤੁਹਾਨੂੰ ਕਹਾਣੀ ਪਤਾ ਹੈ? ਇੱਥੇ ਇਹ ਦੁਬਾਰਾ ਹੈ, ਇੱਕ ਆਦਮੀ ਅਤੇ ਔਰਤ ਮਿਲਦੇ ਹਨ। ਹੁਣ ਉਹ ਔਰਤ ਨਹੀਂ ਹੈ, ਅਤੇ ਮੈਂ ਉਹ ਆਦਮੀ ਨਹੀਂ ਹਾਂ, ਪਰ ਉਹ ਅਜੇ ਵੀ ਉਹੀ ਪਰਮੇਸ਼ੁਰ ਹੈ। ਸਮਝੇ? ਹੁਣ, ਯਿਸੂ ਨੇ ਕਿਹਾ, "ਜੋ ਕੰਮ ਮੈਂ ਕਰਦਾ ਹਾਂ ਉਹ ਤੁਸੀਂ ਵੀ ਕਰੋਗੇ," ਸੰਤ ਯੂਹੰਨਾ 14:12।

263 ਹੁਣ, ਔਰਤ, ਤੁਹਾਨੂੰ ਨਹੀਂ ਜਾਣਦੀ, ਇਹ ਨਹੀਂ ਪਤਾ ਕਿ ਤੁਸੀਂ ਉੱਥੇ ਕਿਸ ਲਈ ਖੜ੍ਹੇ ਹੋ। ਘਰੇਲੂ ਪਰੇਸ਼ਾਨੀ ਹੋ ਸਕਦੀ ਹੈ। ਇਹ ਕਿਸੇ ਹੋਰ ਲਈ ਹੋ ਸਕਦਾ ਹੈ। ਹੋ ਸਕਦਾ ਹੈ ਕਿ ਤੁਸੀਂ ਬਿਮਾਰ ਹੋ। ਸ਼ਾਇਦ ਇਹ ਹੈ...ਹੋ ਸਕਦਾ ਹੈ ਕਿ ਤੁਸੀਂ ਉੱਥੇ ਖੜ੍ਹੇ ਹੋ, ਬਸ ਕੁਝ ਦਿਖਾਵਾ ਕਰ ਰਹੇ ਹੋ। ਜੇ ਇਹ ਹੈ, ਤਾਂ ਇਹ ਦੇਖੋ ਕਿ ਕੀ ਹੁੰਦਾ ਹੈ। ਸਮਝੇ? ਹੋ ਸਕਦਾ ਹੈ ਤੁਸੀਂ ਕਿਸੇ ਚੀਜ਼ ਦੀ ਨਕਲ ਕਰ ਰਹੇ ਹੋ। ਜੋ ਵੀ ਹੈ, ਮੈਂ ਨਹੀਂ...ਹੋ ਸਕਦਾ ਹੈ ਤੁਸੀਂ ਇੱਕ ਸੱਚੇ ਵਿਸ਼ਵਾਸੀ ਹੋ। ਜੋ ਮੈਂ ਨਹੀਂ ਜਾਣਦਾ, ਪਰ ਪਰਮੇਸ਼ੁਰ ਜਾਣਦਾ ਹੈ। ਪਰ ਤੁਸੀਂ ਜਾਣੋਗੇ ਕਿ ਕੀ ਉਸਨੇ ਤੁਹਾਨੂੰ ਸੱਚ ਦੱਸਿਆ ਹੈ ਜਾਂ ਨਹੀਂ, ਕੀ ਤੁਸੀਂ ਨਹੀਂ ਜਾਣੋਗੇ? ਜੇ ਇਹ ਸੱਚਾਈ ਹੈ, ਤਾਂ ਤੁਹਾਨੂੰ ਪਤਾ ਲੱਗ ਜਾਵੇਗਾ।

264 ਹੁਣ, ਵੇਖੋ, ਇਹ ਉਹੀ ਹੈ ਜੋ ਜਿੱਥੇ ਤੁਹਾਡਾ ਵਿਸ਼ਵਾਸ ਪਹੁੰਚਿਆ ਹੈ। ਤੁਸੀਂ ਇੱਥੇ ਕਿਵੇਂ ਆਉਣਾ ਚਾਹੋਗੇ? ਹੁਣ ਜੇਕਰ ਕੋਈ ਨਿਹਚਾ ਕਰਦਾ ਹੈ ਕਿ ਇਹ ਗਲਤ ਹੈ, ਤੁਸੀਂ ਇੱਥੇ ਆ ਕੇ ਇਸ ਮਰੀਜ਼ ਨੂੰ ਲੈ ਜਾਓ, ਇੱਥੇ ਆ ਕੇ ਬਾਕੀ ਨੂੰ ਲੈ ਜਾਓ। ਫਿਰ ਜੇ ਤੁਸੀਂ ਅਜਿਹਾ ਨਹੀਂ ਕਰਦੇ, ਤਾਂ ਮੇਰੀ ਨਿੰਦਾ ਨਾ ਕਰੋ। ਸਮਝੇ?

265 ਹੁਣ ਇੱਥੇ ਦੇਖੋ, ਭੈਣ, ਇੱਕ ਮਿੰਟ। ਹੁਣ ਮੈਨੂੰ ਕੋਈ ਪਤਾ ਨਹੀਂ, ਤੁਹਾਡੇ ਬਾਰੇ ਕੁਝ ਨਹੀਂ ਪਤਾ। ਤੁਸੀਂ ਉੱਥੇ ਖੜ੍ਹੀ ਬਸ ਇੱਕ ਔਰਤ ਹੋ।

266 ਹੁਣ ਜੇ ਪ੍ਰਭੂ ਯਿਸੂ ਮਸੀਹ, ਪਰਮੇਸ਼ੁਰ ਦਾ ਪੁੱਤਰ, ਜਿਸ ਨੂੰ ਮੈਂ ਬਾਈਬਲ ਦੁਆਰਾ ਸਾਬਤ ਕੀਤਾ ਹੈ, ਵਾਅਦਾ ਕੀਤਾ ਕਿ ਉਹ ਆਖਰੀ ਦਿਨਾਂ ਵਿੱਚ ਵਾਪਸ ਆਵੇਗਾ ਅਤੇ ਆਪਣੀ ਆਤਮਾ ਦੀ ਭਰਪੂਰੀ ਵਿੱਚ ਆਪਣੇ ਆਪ ਨੂੰ ਪ੍ਰਗਟ ਕਰੇਗਾ...

267 ਬਸ ਜਿਵੇਂ ਕਲੀਸਿਯਾ ਉੱਪਰ ਆ ਰਹੀ ਹੈ; ਜਿਵੇਂ ਇਹ ਮਨੁੱਖ ਤੋਂ ਆਉਂਦੀ ਹੈ, ਪੈਰਾਂ ਤੋਂ ਲੈ ਕੇ ਉੱਪਰ ਤਕ, ਪੱਟਾਂ ਤੱਕ, ਸਿਰ ਤੱਕ ਆਉਂਦੀ ਹੈ, ਅਤੇ ਸਿਰ ਸਰੀਰ ਦਾ ਪ੍ਰਧਾਨ ਹੈ। ਅਤੇ ਸਰੀਰ ਉੱਪਰ ਆ ਗਿਆ ਹੈ, ਜਦੋਂ ਤੋਂ ਪਹਿਲੀ

ਕਲੀਸੀਆ, ਇਸ ਵਿੱਚ, ਸੁਧਾਰਾਂ ਵਿੱਚ, ਉੱਪਰ ਆਉਦੀ ਹੈ, ਉਹ ਉੱਪਰ ਆਈ ਹੈ, ਹੁਣ ਤੱਕ...ਇਹ ਧਰਮੀ ਠਹਿਰਾਉਣ, ਪਵਿੱਤਰੀਕਰਨ, ਪਵਿੱਤਰ ਆਤਮਾ ਦੇ ਬਪਤਿਸਮੇ ਦੁਆਰਾ ਆਈ ਹੈ। ਹੁਣ ਇਹ ਸਿਰ, ਮਸੀਹ ਹੈ, ਹੁਣ ਮਸੀਹ ਦੀ ਦੇਹ, ਦੇਹ ਕੋਲ ਆ ਰਿਹਾ ਹੈ। ਉਹੀ ਇੱਕ ਹੈ ਜੋ ਜਾਣਦਾ ਹੈ। ਮੇਰਾ ਹੱਥ ਕੰਮ ਕਰਨਾ ਨਹੀਂ ਜਾਣਦਾ, ਸਿਰਫ ਮੇਰੇ ਸਿਰ ਦੁਆਰਾ ਹੁੰਦਾ ਹੈ। ਪਰ ਉਹੀ ਇੱਕ ਹੈ ਜੋ ਜਾਣਦਾ ਹੈ, ਇਹੀ ਕਾਰਨ ਹੈ ਕਿ ਉਹ ਵਚਨ ਹੈ।

268 ਮੈਂ ਵਚਨ ਨਹੀਂ ਹਾਂ। ਮੈਂ ਇੱਕ ਮਨੁੱਖ ਹਾਂ। ਪਰ, ਤੁਸੀਂ ਵੇਖੋ, ਉਹ ਇਸ ਦੇਹ ਨੂੰ ਵਰਤਦਾ ਹੈ। ਕਿਉਂਕਿ, ਉਹ ਇਸ ਸਰੀਰ ਨੂੰ ਪਵਿੱਤਰ ਕਰਨ ਲਈ ਮਰ ਗਿਆ, ਤਾਂ ਜੋ ਉਹ ਇਸਨੂੰ ਵਰਤ ਸਕੇ, ਅਤੇ ਇੱਕ ਦਾਨ ਦੇ ਸਕੇ। ਜਿਵੇਂ ਇਸ ਨੂੰ ਗੇਅਰ ਵਿੱਚੋਂ ਕੱਢਣਾ, ਫਿਰ ਪਵਿੱਤਰ ਆਤਮਾ ਉਸ ਉੱਤੇ ਕਬਜ਼ਾ ਕਰ ਲੈਂਦਾ ਹੈ।

269 ਫਿਰ, ਜੇਕਰ ਉਹ ਤੁਹਾਨੂੰ ਵੇਰਵਾ ਦਿੰਦਾ ਹੈ ਜਾਂ ਦੱਸੇਗਾ ਕਿ ਤੁਸੀਂ ਕੀ ਕੀਤਾ ਹੈ, ਤੁਸੀਂ ਇੱਥੇ ਕਿਸ ਲਈ ਹੋ, ਜਾਂ ਤੁਹਾਡੇ ਬਾਰੇ ਕੁਝ, ਤੁਸੀਂ ਇਸ ਤੇ ਵਿਸ਼ਵਾਸ ਕਰੋਗੇ। ਅਤੇ ਸੁਣਨ ਵਾਲੇ ਵੀ ਇਹੀ ਵਿਸ਼ਵਾਸ ਕਰਨਗੇ? [ਕਲੀਸਿਯਾ ਕਹਿੰਦੀ ਹੈ, "ਆਮੀਨ।"—ਸੰਪਾ.] ਪਰਮੇਸ਼ੁਰ ਤੁਹਾਨੂੰ ਇਹ ਬਖਸ਼ੇ।

270 ਹੁਣ ਮੈਂ ਪਰਮੇਸ਼ੁਰ ਦੀ ਮਹਿਮਾ ਲਈ ਇੱਥੇ ਹਰ ਆਤਮਾ ਨੂੰ, ਆਪਣੇ ਨਿਯੰਤਰਣ ਵਿੱਚ ਲੈਂਦਾ ਹਾਂ। ਹੁਣ ਚੁੱਪ ਬੈਠੋ। ਇਧਰ-ਉਧਰ ਨਾ ਜਾਓ।

271 ਇੱਥੇ ਦੇਖੋ, ਬਸ ਇੱਕ ਪਲ। "ਮੇਰੇ ਵੱਲ ਵੇਖ," ਜਿਵੇਂ ਪਤਰਸ ਅਤੇ ਯੂਹੰਨਾ ਨੇ ਕਿਹਾ ਸੀ, ਜਦ ਉਹ ਦਰਵਾਜ਼ੇ ਵਿੱਚੋਂ ਦੀ ਲੰਘੇ ਸਨ। ਦੂਜੇ ਸ਼ਬਦਾਂ ਵਿੱਚ, ਮੈਂ ਜੋ ਕਹਿ ਰਿਹਾ ਹਾਂ ਉਸ ਵੱਲ ਧਿਆਨ ਦਿਓ। ਸਮਝੇ?

ਯਿਸੂ ਨੇ ਔਰਤ ਨੂੰ ਕੁਝ ਸਵਾਲ ਪੁੱਛੇ। "ਮੈਨੂੰ ਪੀਣ ਲਈ ਦਿਓ।"

272 ਦੇਖੋ, ਮੈਂ ਪ੍ਰਚਾਰ ਕਰ ਰਿਹਾ ਹਾਂ, ਉਹੀ ਚੀਜ਼। ਪਿਤਾ ਨੇ ਮੈਨੂੰ ਇੱਥੇ ਬੈਟਨ ਰੂਜ ਨੂੰ—ਨੂੰ ਭੇਜਿਆ ਹੈ। ਮੈਂ ਇੱਥੇ ਹਾਂ।

273 ਪਿਤਾ ਨੇ ਕਿਹਾ ਕਿ ਉਸਨੂੰ ਸਮਾਰਿਆ ਜਾਣ ਦੀ ਲੋੜ ਸੀ। ਉਹ ਉੱਥੇ ਬੈਠਿਆ ਸੀ। ਇੱਕ ਔਰਤ ਪਹਿਲੀ ਸੀ ਜੋ ਉਸਦੇ ਕੋਲ ਆਈ। ਉਸਨੇ ਇੱਕ ਚਿੰਨ੍ਹ ਉਸ ਔਰਤ ਉੱਤੇ ਕੀਤਾ, ਅਤੇ ਸਾਰੇ ਸ਼ਹਿਰ ਨੇ ਤੋਬਾ ਕੀਤੀ। ਇਸ ਨਾਲ ਕੀ ਫਰਕ...

274 ਕੀ ਤੁਸੀਂ ਸੋਚਦੇ ਹੋ, ਕਿ ਜੇ ਉਹ ਇਹੀ ਕੰਮ ਕਰੇਗਾ, ਅੱਜ ਰਾਤ, ਤੁਸੀਂ ਸੋਚਦੇ ਹੋ ਕਿ ਸਾਰਾ ਬੈਟਨ ਰੂਜ ਤੋਬਾ ਕਰੇਗਾ? ਮੈਨੂੰ ਸ਼ੱਕ ਹੈ, ਕੀ ਤੁਹਾਨੂੰ

ਨਹੀਂ? ਮੈਂ ਜ਼ਰੂਰ ਕਰਦਾ ਹਾਂ। ਪਰ ਅਸੀਂ ਅੰਤ ਦੇ ਦਿਨਾਂ ਵਿੱਚ ਹਾਂ, ਜਦੋਂ ਬੁਰਾਈ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਬੁਰੀ ਹੈ।

275 ਹੁਣ ਤੁਹਾਡੀਆਂ ਸ਼ਰਤਾਂ। ਤੁਸੀਂ ਇੱਥੇ ਪ੍ਰਾਰਥਨਾ ਕਰਾਉਣ ਲਈ ਹੋ। ਬਿਲਕੁਲ ਸਹੀ। ਅਤੇ ਤੁਸੀਂ ਗਲੇ ਦੀ ਬਿਮਾਰੀ ਨਾਲ ਪੀੜਤ ਹੋ। ਜੇ ਇਹ ਸਹੀ ਹੈ, ਤਾਂ ਆਪਣਾ ਹੱਥ ਉਠਾਓ। ਸਿਰਫ ਇਹ ਹੀ ਨਹੀਂ, ਪਰ ਕੋਈ ਅਜਿਹਾ ਹੈ ਜਿਸ ਲਈ ਤੁਸੀਂ ਪ੍ਰਾਰਥਨਾ ਕਰ ਰਹੇ ਹੋ। ਇਹ ਇੱਕ ਬੱਚਾ ਹੈ, ਅਤੇ ਉਸ ਬੱਚੇ ਨੂੰ ਗਲੇ ਦੀ ਬਿਮਾਰੀ ਹੈ। ਅਤੇ ਇਹ ਬੱਚੇ ਦੇ ਗਲੇ ਦੀ ਹਾਲਤ ਹੈ, ਗਲੇ ਵਿੱਚ ਗੰਢਾਂ ਹਨ। ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਪਰਮੇਸ਼ੁਰ ਉਸ ਨੂੰ ਵੀ ਠੀਕ ਕਰੇਗਾ? ਉਹ ਰੁਮਾਲ ਜੋ ਤੁਹਾਡੇ ਹੱਥ ਵਿੱਚ ਹੈ, ਜਿਸ ਨੂੰ ਤੁਸੀਂ ਇੱਕ ਗਵਾਹ ਵਜੋਂ, ਪਰਮੇਸ਼ੁਰ ਅੱਗੇ ਉਠਾਇਆ ਹੈ...ਹੁਣ ਇਸ ਤੇ ਸ਼ੱਕ ਨਾ ਕਰੋ। ਜਾਓ ਅਤੇ ਰੁਮਾਲ ਨੂੰ ਬੱਚੇ ਤੇ ਰੱਖ ਦਿਓ। ਸ਼ੱਕ ਨਾ ਕਰੋ, ਆਪਣੇ ਪੂਰੇ ਦਿਲ ਤੋਂ। ਪਰਮੇਸ਼ੁਰ ਤੁਹਾਨੂੰ ਦੋਵਾਂ ਨੂੰ ਚੰਗਾ ਕਰੇਗਾ ਅਤੇ ਤੁਹਾਨੂੰ ਸਿਹਤਮੰਦ ਬਣਾਏਗਾ। [ਭੈਣ ਕਹਿੰਦੀ ਹੈ, "ਉਸਦੀ ਮਹਿਮਾ ਹੋਵੇ! ਹਲਲੂਯਾਹ!"—ਸੰਪਾ.] ਕੀ ਤੁਸੀਂ ਅਜਿਹਾ ਕਰ ਸਕਦੇ ਹੋ? ["ਯਿਸੂ! ਤੇਰਾ ਧੰਨਵਾਦ, ਯਿਸੂ!"] ਤਦ ਤੁਸੀਂ ਜਾਓ, ਅਤੇ ਪ੍ਰਭੂ ਤੁਹਾਡੇ ਨਾਲ ਹੋਵੇ। ["ਪਰਮੇਸ਼ੁਰ ਦੀ ਮਹਿਮਾ! ਹਲਲੂਯਾਹ!"]

ਤੁਹਾਡਾ ਕਿਵੇਂ ਚੱਲ ਰਿਹਾ ਹੈ? ਅਸੀਂ ਵੀ, ਅਜਨਬੀ ਹਾਂ।

276 ਕੀ ਤੁਸੀਂ ਵਿਸ਼ਵਾਸ ਕਰਦੇ ਹੋ? [ਕਲੀਸਿਯਾ ਕਹਿੰਦੀ ਹੈ, "ਆਮੀਨ।"—ਸੰਪਾ।] ਇਹ ਚਿੰਨ੍ਹ ਹੈ। ਹੁਣ ਆਵਾਜ਼, ਹੈ, "ਵਚਨ ਵੱਲ ਮੁੜੋ!"

277 ਤੁਹਾਨੂੰ ਨਹੀਂ ਜਾਣਦਾ; ਉਹ ਜਾਣਦਾ ਹੈ। ਜੇ ਉਹ ਮੈਨੂੰ ਤੁਹਾਡੇ ਬਾਰੇ ਕੁਝ ਦੱਸੇਗਾ, ਤਾਂ ਤੁਸੀਂ ਵਿਸ਼ਵਾਸ ਕਰੋਗੇ ਕਿ ਉਹ ਵਚਨ ਜੋ ਮੈਂ ਕਿਹਾ ਹੈ ਉਹ ਪ੍ਰਮਾਣਿਤ ਹੋਵੇਗਾ? ਇਹ—ਇਹ ਇਸ ਦਾ ਪ੍ਰਮਾਣ ਹੈ। ਵੇਖਿਆ? ਮੈਂ ਕਿਹਾ ਉਸਨੇ ਇਹ ਕੀਤਾ; ਇਹ ਭਵਿੱਖਬਾਣੀ ਕਰ ਰਿਹਾ ਹੈ। ਹੁਣ ਜੇ ਭਵਿੱਖਬਾਣੀ ਪੂਰੀ ਹੁੰਦੀ ਹੈ, ਤਾਂ ਉਸਨੇ ਕਿਹਾ, "ਇਸ ਨੂੰ ਸੁਣੋ।"

278 ਤੁਹਾਨੂੰ ਇੱਕ ਬਹੁਤ ਜ਼ਿਆਦਾ ਘਬਰਾਹਟ ਦੀ ਬਿਮਾਰੀ ਹੈ ਜਿਸ ਨਾਲ ਤੁਸੀਂ ਪੀੜਤ ਹੋ, ਘਬਰਾਹਟ। ਅਤੇ ਤੁਹਾਨੂੰ ਇੱਕ ਰਸੌਲੀ ਹੈ, ਅਤੇ ਰਸੌਲੀ ਤੁਹਾਡੀ ਲੱਤ ਉੱਤੇ ਹੈ। ਇਹ ਸਹੀ ਹੈ, ਹੈ ਨਾ? [ਭੈਣ ਕਹਿੰਦੀ ਹੈ, "ਹਾਂ।"—ਸੰਪਾ.] ਹੁਣ ਕੀ ਤੁਸੀਂ ਵਿਸ਼ਵਾਸ ਕਰਦੇ ਹੋ? ["ਹਾਂ, ਸ਼੍ਰੀਮਾਨ।"] ਫਿਰ ਆਪਣੇ ਰਾਹ ਜਾਓ, ਅਤੇ ਵਿਸ਼ਵਾਸ ਕਰੋ। ਅਤੇ, ਜਿਵੇਂ ਤੁਸੀਂ ਵਿਸ਼ਵਾਸ ਕੀਤਾ, ਇਹ ਤੁਹਾਡੇ ਲਈ ਹੋ ਜਾਵੇਗਾ।

279 ਤੁਹਾਡਾ ਕਿਵੇਂ ਚੱਲ ਰਿਹਾ ਹੈ? ਮੈਂ ਤੁਹਾਨੂੰ ਨਹੀਂ ਜਾਣਦਾ, ਪਰ ਪਰਮੇਸ਼ੁਰ

ਤੁਹਾਨੂੰ ਜਾਣਦਾ ਹੈ। ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਪਰਮੇਸ਼ੁਰ ਮੈਨੂੰ ਤੁਹਾਡੀਆਂ ਪਰੇਸ਼ਾਨੀਆਂ ਬਾਰੇ ਦੱਸ ਸਕਦਾ ਹੈ? ਮੇਰੇ ਵੱਲ ਦੇਖੋ। ਤੁਹਾਨੂੰ ਪਰੇਸ਼ਾਨੀਆਂ ਹਨ। ਪਰ ਤੁਸੀਂ ਸੱਚਮੁੱਚ ਇੱਥੇ ਕਿਸੇ ਹੋਰ ਲਈ ਖੜ੍ਹੇ ਹੋ, ਅਤੇ ਇਹ ਉਹ ਹੈ ਜੋ ਤੁਹਾਡੇ ਨਾਲ ਪਾਲਿਆ ਗਿਆ ਸੀ। ਇਹ ਇੱਕ ਭੈਣ ਹੈ। ਇਹ ਠੀਕ ਹੈ। ਹੁਣ ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਪਰਮੇਸ਼ੁਰ ਮੈਨੂੰ ਦੱਸ ਸਕਦਾ ਹੈ ਕਿ ਤੁਹਾਡੀ ਉਸ ਭੈਣ ਨਾਲ ਕੀ ਗੜਬੜ ਹੈ? ਕੀ ਤੁਸੀਂ ਇਸਨੂੰ ਸਵੀਕਾਰ ਕਰੋਗੇ? ਉਸ ਨੂੰ ਦਿਲ ਦੀ ਬਿਮਾਰੀ ਹੈ। ਇਹ ਠੀਕ ਹੈ। ਕੀ ਤੁਹਾਨੂੰ ਵਿਸ਼ਵਾਸ ਹੈ ਕਿ ਉਹ ਹੁਣ ਠੀਕ ਹੋ ਜਾਵੇਗੀ? ਫਿਰ, ਤੁਹਾਡੀ ਨਿਹਚਾ ਦੇ ਅਨੁਸਾਰ, ਤੁਹਾਡੇ ਲਈ ਇਹ ਹੋਵੇਗਾ।

280 ਆਓ, ਇਸਤਰੀ। ਤੁਸੀਂ ਕੀ ਕਰਦੇ ਹੋ? ਜੇ ਪਰਮੇਸ਼ੁਰ ਮੈਨੂੰ ਦੱਸ ਸਕਦਾ ਹੈ ਕਿ ਤੁਹਾਡੀ ਪਰੇਸ਼ਾਨੀ ਕੀ ਹੈ, ਜਾਂ ਤੁਸੀਂ ਕੀ ਕੀਤਾ ਹੈ, ਜਾਂ ਕੁਝ, ਕੀ ਤੁਸੀ ਇਸਦਾ ਵਿਸ਼ਵਾਸ ਕਰੋਗੇ? ਤੁਸੀਂ ਜਾਣਦੇ ਹੋ ਕਿ ਮੈਂ…ਮੈਂ—ਮੈਂ—ਮੈਂ ਤੁਹਾਨੂੰ ਨਹੀਂ ਜਾਣਦਾ। ਇਹ ਉਸਦੇ ਗੁਣ ਹੋਣਗੇ ਜੋ ਮੇਰੇ ਵਿੱਚ ਆਪਣੀ ਪਛਾਣ ਦੱਸਣਗੇ, ਉਸ ਵਚਨ ਦੇ ਅਨੁਸਾਰ ਜਿਸਦਾ ਉਸਨੇ ਵਾਅਦਾ ਕੀਤਾ ਸੀ। [ਭੈਣ ਕਹਿੰਦੀ ਹੈ, "ਮੈਂ ਸਿਰਫ ਇਸ ਤੇ ਵਿਸ਼ਵਾਸ ਕਰਨ ਲਈ ਹਾਂ।"—ਸੰਪਾ.] ਤੁਸੀਂ ਉਸ ਤੇ ਵਿਸ਼ਵਾਸ ਕਰਦੇ ਹੋ? ["ਹਾਂ। ਆਮੀਨ।"]

281 ਤੁਹਾਨੂੰ ਦੂਸਰੇ ਹੋ, ਤੁਹਾਨੂੰ ਮੁਸ਼ਕਲਾਂ ਹਨ ਜੋ ਤੁਹਾਡੀ ਉਮਰ ਦੀ ਔਰਤ ਨੂੰ ਹੁੰਦੀਆਂ ਹਨ, ਪਰ ਤੁਹਾਡਾ ਮੁੱਖ ਵਿਚਾਰ ਕਿਸੇ ਹੋਰ ਬਾਰੇ ਹੈ। ਤੁਹਾਡੀ ਇੱਛਾ ਪਰਮੇਸ਼ੁਰ ਦੇ ਲਈ ਹੈ; ਤੁਸੀਂ ਪਰਮੇਸ਼ੁਰ ਨੂੰ ਆਪਣੇ ਲਈ ਨਹੀਂ, ਕਿਸੇ ਹੋਰ ਲਈ ਲੱਭ ਰਹੇ ਹੋ, ਉਹ ਇੱਕ ਆਦਮੀ ਹੈ। ਇਹ ਤੁਹਾਡਾ ਪਤੀ ਹੈ। ਅਤੇ ਉਸ ਨੂੰ ਦਿਲ ਦੀ ਤਕਲੀਫ਼ ਹੈ। ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਉਹ… ਪਰਮੇਸ਼ੁਰ ਉਸਨੂੰ ਚੰਗਾ ਕਰੇਗਾ? ਜਾਓ, ਇਸ ਤੇ ਵਿਸ਼ਵਾਸ ਕਰੋ। ਅਤੇ, ਜਿਵੇਂ ਤੁਸੀਂ ਵਿਸ਼ਵਾਸ ਕੀਤਾ ਹੈ, ਉਸੇ ਤਰ੍ਹਾਂ ਤੁਹਾਡੇ ਲਈ ਹੋ ਜਾਵੇਗਾ।

282 ਹੁਣ, ਦੇਖੋ, ਸਾਰਾ ਪ੍ਰਚਾਰ, ਉਸ ਘੜੀ ਲਈ ਜਿਸ ਲਈ ਮੈਂ ਪ੍ਰਚਾਰ ਕਰ ਰਿਹਾ ਸੀ। ਇਹ, ਜੋ ਕੁਝ ਵੀ ਇਹ ਸੀ, ਤਿੰਨ ਜਾਂ ਚਾਰ ਲੋਕ ਹੁਣ ਤਕ ਲੰਘ ਗਏ ਹਨ, ਹੁਣ ਮੇਰਾ ਇੱਥੇ ਖੜ੍ਹਾ ਹੋਣਾ ਮੁਸ਼ਕਲ ਹੈ। ਸਮਝੇ? ਦੇਖੋ, ਪੂਰੀ ਭੀੜ ਇੱਥੇ ਦੁੱਧੀਆ ਜਿਹੀ ਲੱਗ ਰਹੀ ਹੈ। ਵੇਖਿਆ? ਯਿਸੂ ਨੇ ਕਿਹਾ, 'ਸ਼ਕਤੀ ਮੇਰੇ ਵਿੱਚੋਂ ਨਿਕਲੀ ਹੈ।" ਅਤੇ ਜੇ ਇੱਕ ਔਰਤ ਨੇ, ਉਸਦੇ ਕੱਪੜੇ ਨੂੰ ਛੂਹ ਕੇ, ਉਸ ਵਿੱਚੋਂ ਸ਼ਕਤੀ ਨੂੰ ਖਿੱਚ ਲਿਆ, ਅਤੇ ਉਹ ਪਰਮੇਸ਼ੁਰ ਦਾ ਪੁੱਤਰ ਹੈ, ਤਾਂ ਮੇਰੇ ਬਾਰੇ ਕੀ, ਮੈਂ ਉਸ ਦੀ ਕਿਰਪਾ ਨਾਲ ਬਚਾਇਆ ਗਿਆ ਇੱਕ ਪਾਪੀ ਹਾਂ?

283 ਉਸ ਨੇ ਕਿਹਾ, "ਉਹ ਕੰਮ ਜੋ ਮੈਂ ਕਰਦਾ ਹਾਂ ਤੁਸੀਂ ਵੀ ਕਰੋਗੇ। ਸਗੋਂ ਇਸ ਤੋਂ ਵੱਡੇ ਤੁਸੀਂ ਕਰੋਗੇ।" ਮੈਂ ਜਾਣਦਾ ਹਾਂ ਕਿ ਰਾਜਾ ਜੇਮਸ ਕਹਿੰਦਾ ਹੈ, "ਵੱਡੇ।" ਪਰ ਜੇ ਤੁਸੀਂ ਅਸਲੀ ਅਨੁਵਾਦ ਲਓਗੇ, ਕਿਹਾ, "ਇਸ ਤੋਂ *ਜਿਆਦਾ* ਕੰਮ ਤੁਸੀਂ ਕਰੋਗੇ।" ਇਸ ਤੋਂ ਵੱਡੇ ਹੋਰ ਕੋਈ ਨਹੀਂ ਕਰ ਸਕਦਾ। ਉਸਨੇ ਮੁਰਦਿਆਂ ਨੂੰ ਜਿਲਾਇਆ, ਅਤੇ ਉਸਨੇ ਕੁਦਰਤ ਨੂੰ ਰੋਕ ਦਿੱਤਾ, ਅਤੇ ਸਭ ਕੁਝ ਕੀਤਾ। ਪਰ ਉਸਨੇ ਕਿਹਾ, "ਇਸ ਤੋਂ ਵੀ *ਜਿਆਦਾ* ਕੰਮ ਤੁਸੀਂ ਕਰੋਗੇ, ਕਿਉਂਕਿ ਮੈਂ ਪਿਤਾ ਕੋਲ ਜਾਂਦਾ ਹਾਂ।"

284 "ਜਗਤ ਮੈਨੂੰ ਨਹੀਂ ਵੇਖੇਗਾ; ਪਰ ਤੁਸੀਂ ਮੈਨੂੰ ਵੇਖੋਗੇ, ਮੇਰੇ ਲਈ..." ਦੇਖੋ, "ਮੈਂ," ਮੈਂ—ਮੈਂ ਇੱਕ ਨਿੱਜੀ ਸਰਵਨਾਮ ਹਾਂ। "ਮੈਂ ਤੁਹਾਡੇ ਨਾਲ ਰਹਾਂਗਾ, ਇੱਥੋਂ ਤਕ ਕਿ ਤੁਹਾਡੇ ਵਿੱਚ ਵੀ ਰਹਾਂਗਾ।" ਫਿਰ, ਇਹ ਆਦਮੀ ਨਹੀਂ ਹੈ। ਇਹ ਮਸੀਹ ਹੈ।

285 ਮੈਂ ਇਹ ਕਹਿ ਰਿਹਾ ਹਾਂ, ਆਪਣੇ ਆਪ ਨੂੰ ਥੋੜਾ ਜਿਹਾ ਹਿਲਾਓਣ ਲਈ, ਆਪਣੇ ਆਪ ਨੂੰ ਵਾਪਸ ਲਿਆਓਣ ਲਈ। ਤੁਸੀਂ ਥੋੜੀ ਦੇਰ ਬਾਅਦ ਇੱਕ ਸਥਾਨ ਤੇ ਚਲੇ ਜਾਂਦੇ ਹੋ...ਇਹ ਉਦੋਂ ਨਹੀਂ ਹੁੰਦਾ ਜਦੋਂ ਤੁਸੀਂ *ਉੱਥੇ* ਹੁੰਦੇ ਹੋ, ਜਾਂ *ਇੱਥੇ* ਹੇਠਾਂ ਹੁੰਦੇ ਹੋ; ਇਹ ਵਿਚਕਾਰ ਹੈ। ਇਸ ਨੂੰ ਕਿੰਨੇ ਲੋਕ ਸਮਝਦੇ ਹਨ? ਮੈਂ ਜਾਣਦਾ ਹਾਂ ਤੁਸੀਂ—ਤੁਸੀਂ ਸਮਝਦੇ ਹੋ। ਮੈਂ ਵੀ, ਸਮਝਦਾ ਹਾਂ।

286 ਕੀ ਤੁਸੀਂ ਕਦੇ ਜਾਣਦੇ ਹੋ ਕਿ ਕਵੀ ਅਤੇ ਨਬੀ ਹਮੇਸ਼ਾ ਬੇਚੈਨ ਹੁੰਦੇ ਹਨ? ਇਹ ਕਿੰਨੇ ਕੁ ਜਾਣਦੇ ਹਨ?

287 ਮਹਾਨ ਅੰਗਰੇਜ਼ੀ ਕਵੀ ਵਿਲੀਅਮ ਕਾਉਪਰ ਬਾਰੇ, ਕਿੰਨੇ ਲੋਕਾਂ ਨੇ ਸੁਣਿਆ ਹੈ? ਤੁਸੀਂ ਜਾਣਦੇ ਹੋ, ਲਿਖਿਆ, "ਇੱਥੇ ਖੂਨ ਨਾਲ ਭਰਿਆ ਇੱਕ ਚਸਮਾ ਹੈ, ਜੋ ਇਮੈਨੁਅਲ ਦੀਆਂ ਨਸਾਂ ਵਿੱਚੋਂ ਨਿਕਲਿਆ ਹੈ।" ਉਹ ਗੀਤ ਲਿਖਣ ਤੋਂ ਬਾਅਦ, ਕੀ ਤੁਸੀਂ ਸੁਣਿਆ ਕਿ ਉਸ ਨਾਲ ਕੀ ਹੋਇਆ? ਜਿਆਦਾ ਚਿਰ ਨਹੀਂ ਹੋਇਆ ਮੈਂ ਉਸਦੀ ਕਬਰ ਕੋਲ ਖੜ੍ਹਾ ਸੀ। ਉਸਨੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ, ਅਤੇ ਨਦੀ ਵਿੱਚ ਡੁੱਬ ਕੇ ਮਰ ਗਿਆ।

288 ਕਿੰਨੇ ਲੋਕਾਂ ਨੇ ਸਟੀਫਨ ਫੋਸਟਰ ਨੂੰ ਸੁਣਿਆ ਹੈ, ਉਸਨੇ ਅਮਰੀਕਾ ਨੂੰ ਇਸਦੇ ਸਭ ਤੋਂ ਵਧੀਆ ਲੋਕ ਗੀਤ ਦਿੱਤੇ ਹਨ? ਉਸ ਦੇ ਸਿਰ ਵਿੱਚ ਸੀ ਪਰ ਦਿਲ ਵਿੱਚ ਨਹੀਂ। ਹਰ ਵਾਰ ਜਦੋਂ ਪ੍ਰੇਰਨਾ ਉਸ ਕੋਲ ਆਉਂਦੀ, ਉਹ ਗੀਤ ਲਿਖਦਾ। ਫਿਰ ਜਦੋਂ ਪ੍ਰੇਰਨਾ ਨੇ ਉਸਨੂੰ ਛੱਡ ਦਿੱਤਾ, ਉਸਨੂੰ ਨਹੀਂ ਪਤਾ ਸੀ ਕਿ ਆਪਣੇ ਨਾਲ ਕੀ ਕਰਨਾ ਹੈ, ਅਤੇ ਉਹ ਗੁਆਚ ਗਿਆ ਸੀ। ਉਹ—ਉਹ—ਉਹ ਸ਼ਰਾਬੀ ਸੀ। ਅਤੇ ਅੰਤ ਵਿੱਚ ਜਦੋਂ ਉਹ ਉਸ ਪ੍ਰੇਰਨਾ ਤੋਂ ਬਾਹਰ ਆਉਣਾ ਸ਼ੁਰੂ ਕੀਤਾ, ਉਸਨੇ ਇੱਕ ਨੌਕਰ ਨੂੰ ਬੁਲਾਇਆ, ਅਤੇ ਇੱਕ ਉਸਤਰਾ ਲਿਆ

ਅੱਗੇ ਖੁਦਕੁਸ਼ੀ ਕਰ ਲਈ। ਇਹ ਠੀਕ ਹੈ।

289 ਏਲੀਯਾਹ, ਨਬੀ ਵੱਲ ਦੇਖੋ। ਉਹ ਉੱਥੇ ਗਿਆ ਅਤੇ ਸਵਰਗ ਤੋਂ ਅੱਗ ਨੂੰ ਬੁਲਾਇਆ; ਪਹਿਲੇ ਦਿਨ ਸਵਰਗ ਤੋਂ ਮੀਂਹ ਨੂੰ ਬੁਲਾਇਆ; ਅਤੇ ਆਕਾਸ਼ ਨੂੰ ਬੰਦ ਕਰ ਦਿੱਤਾ ਅਤੇ ਇਹ ਸਭ ਕੁਝ ਕੀਤਾ। ਫਿਰ ਜਦੋਂ ਪ੍ਰੇਰਨਾ ਨੇ ਉਸਨੂੰ ਛੱਡ ਦਿੱਤਾ, ਤਾਂ ਉਹ ਉਜਾੜ ਵਿੱਚ ਚਲਾ ਗਿਆ ਅਤੇ ਮਰਨਾ ਚਾਹੁੰਦਾ ਸੀ। ਅਤੇ ਪਰਮੇਸ਼ੁਰ ਨੇ ਉਸਨੂੰ ਲੱਭ ਲਿਆ, ਚਾਲੀ ਦਿਨਾਂ ਬਾਅਦ, ਗੁਫਾ ਵਿੱਚ ਲੁਕਿਆ ਹੋਇਆ ਸੀ। ਇਹ ਸਹੀ ਹੈ?

290 ਯੂਨਾਹ, ਨਬੀ ਵੱਲ ਦੇਖੋ। ਆਪਣਾ ਸੰਦੇਸ਼ ਦੇਣ ਤੋਂ ਬਾਅਦ, ਉਹ ਉੱਪਰ ਗਿਆ ਅਤੇ ਪਹਾੜੀ ਤੇ ਬੈਠ ਗਿਆ, ਪਰਮੇਸ਼ੁਰ ਨੂੰ ਕਿਹਾ ਕਿ ਉਸ ਨੂੰ ਮਰਨ ਦਵੇ। ਉੂੰ-ਹੂੰ। “ਤੇਰੇ ਦਾਸ ਨੂੰ ਸ਼ਾਂਤੀ ਨਾਲ ਜਾਣ ਦੇ।”

291 ਲੋਕ ਇਸਨੂੰ ਨਹੀਂ ਸਮਝਦੇ। ਨਹੀਂ, ਨਹੀਂ, ਤੁਸੀਂ ਨਹੀਂ ਸਮਝੋਗੇ। ਨਾ ਮੈਂ ਸਮਝਾ ਸਕਦਾ ਹਾਂ, ਨਾ ਕੋਈ ਹੋਰ ਮਨੁੱਖ ਸਮਝਾ ਸਕਦਾ ਹੈ। ਤੁਸੀਂ ਪਰਮੇਸ਼ੁਰ ਦੀ ਵਿਆਖਿਆ ਨਹੀਂ ਕਰ ਸਕਦੇ। ਪਰਮੇਸ਼ੁਰ ਨੂੰ ਵਿਗਿਆਨਕ ਖੋਜ ਨਾਲ ਨਹੀਂ ਜਾਣਿਆ ਜਾ ਸਕਦਾ। ਪਰਮੇਸ਼ੁਰ ਨੂੰ ਸਿਰਫ਼ ਵਿਸ਼ਵਾਸ ਰਾਹੀਂ ਜਾਣਿਆ ਜਾਂਦਾ ਹੈ। ਅਸੀਂ ਉਸ ਤੇ ਵਿਸ਼ਵਾਸ ਕਰਦੇ ਹਾਂ। ਤੁਸੀਂ ਇਸਨੂੰ ਕਿਵੇਂ ਸਮਝਾ ਸਕਦੇ ਹੋ? ਫਿਰ ਇਹ ਵਿਸ਼ਵਾਸ ਕਿਵੇਂ ਰਹੇਗਾ? ਅਸੀਂ ਪ੍ਰਭੂ ਨੂੰ ਵਿਸ਼ਵਾਸ ਰਾਹੀਂ ਹੀ ਜਾਣਦੇ ਹਾਂ।

292 ਕਲੀਸਿਆ ਕਦੇ ਵੀ ਇਹ ਨਹੀਂ ਜਾਣ ਸਕੇਗੀ ਕਿ ਕਿੰਨੀ ਮਿਹਨਤ, ਥਕਾਵਟ, ਮੁਸ਼ੱਕਤ ਅਤੇ ਅਜ਼ਮਾਇਸ਼ਾਂ ਨੇ ਇਸ ਸੰਦੇਸ਼ ਤੋਂ ਤੋੜਣ ਦੀ ਕੋਸ਼ਿਸ ਕੀਤੀ ਹੈ। ਉਹ ਕਰਦਾ ਹੈ। ਮੇਰਾ ਇਨਾਮ ਲੋਕਾਂ ਤੋਂ ਨਹੀਂ ਆਉਂਦਾ।

293 ਇੱਥੇ ਦੇਖੋ, ਔਰਤ। ਹਾਂ, ਜਲਦੀ। ਉਹ ਔਰਤ ਮੌਤ ਦੇ ਸਾਏ ਵਿੱਚ ਹੈ। ਪਰਮੇਸ਼ੁਰ ਤੁਰੰਤ ਔਰਤ ਕੋਲ ਨਹੀਂ ਆਉਂਦਾ, ਮੈਂ ਦੇਖ ਸਕਦਾ ਹਾਂ...ਕੀ ਤੁਸੀਂ ਉਸ ਕਾਲੇਪਨ ਨੂੰ ਉਸਦੇ ਦੁਆਲੇ ਲਟਕਦਾ ਨਹੀਂ ਦੇਖਦੇ? ਉਹ ਮਰ ਜਾਏਗੀ, ਦੁਨੀਆਂ ਵਾਂਗ ਯਕੀਨੀ ਤੌਰ ਤੇ। ਇੱਥੇ ਕੁਝ ਸਮਾਂ ਪਹਿਲਾਂ, ਉਨ੍ਹਾਂ ਨੇ ਅਜਿਹੀ ਕਿਸੇ ਚੀਜ਼ ਦੀ ਤਸਵੀਰ ਲਈ, ਅਤੇ ਇਸ ਨੂੰ ਘਰ ਵਿੱਚ ਪ੍ਰਾਪਤ ਕੀਤਾ। ਉਸ ਦੇ ਨੇੜੇ ਕਾਲਾ ਸਾਇਆ ਮੰਡਰਾ ਰਿਹਾ ਹੈ। ਉਹ ਮੌਤ ਦੇ ਸਾਏ ਹੇਠ ਹੈ।

294 ਛੋਟੀ ਔਰਤ ਦਾ ਅਪਰੇਸ਼ਨ ਹੋਇਆ ਹੈ। ਅਤੇ ਇਸ ਆਪਰੇਸ਼ਨ ਵਿੱਚ, ਉਨ੍ਹਾਂ ਨੇ ਕੈਂਸਰ ਦਾ ਆਪਰੇਸ਼ਨ ਕੀਤਾ। ਅਤੇ ਹੁਣ ਉਸ ਨੂੰ ਹਰ ਤਰ੍ਹਾਂ ਦੀਆਂ—ਦੀਆਂ, ਮੁਸ਼ਕਲਾਂ ਆ ਰਹੀਆਂ ਹਨ, ਬਸ ਪਰੇਸ਼ਾਨੀਆਂ। ਇੱਕ ਗੱਲ, ਤੁਸੀਂ ਇੰਨੇ ਕਮਜ਼ੋਰ ਹੋ ਕਿ ਤੁਸੀਂ ਖੜ੍ਹੇ ਨਹੀਂ ਹੋ ਸਕਦੇ। ਇੱਕ ਹੋਰ ਗੱਲ ਹੈ, ਕਿ ਮੂਤਰਾਸ਼ੇ ਵਿੱਚੋਂ ਪਾਕ ਨਿਕਲਦੀ ਹੈ। ਹੁਣ, ਇਸ ਲਈ ਤੁਸੀਂ ਦੇਖੋਗੇ ਕਿ ਮੈਂ

ਸਿਰਫ਼ ਕੁਝ ਨਹੀਂ ਕਹਿ ਰਿਹਾ। ਸਮਝੇ? ਇਹ ਸਹੀ ਹੈ। ਪਰ, ਔਰਤ, ਡਾਕਟਰ ਨੇ ਕੋਸ਼ਿਸ਼ ਕੀਤੀ। ਇਸ ਲਈ ਮੈਂ ਉਸਦਾ ਸਨਮਾਨ ਕਰਦਾ ਹਾਂ। ਉਹ ਇੱਕ ਇਲਾਜ ਸੀ, ਪਰ ਪ੍ਰਭੂ ਹੀ ਸਚਮੁੱਚ ਦਾ ਚੰਗਾ ਕਰਨ ਵਾਲਾ ਹੈ। ਤੁਸੀਂ ਇਸ ਤਰ੍ਹਾਂ ਮਰਨ ਵਾਲੇ ਹੋ। ਉਹ ਜੋ ਵੀ ਕਰ ਸਕਦਾ ਸੀ ਉਸ ਨੇ ਉਹ ਸਭ ਕੀਤਾ। ਕੀ ਤੁਸੀਂ ਵਿਸ਼ਵਾਸ ਕਰਦੇ ਹੋ? [ਭੈਣ ਕਹਿੰਦੀ ਹੈ, "ਹਾਂ।"—ਸੰਪਾ.] ਇੱਥੇ ਆਓ, ਬੱਸ ਇੱਕ ਮਿੰਟ।

295 ਮੈਨੂੰ ਸਰਵ ਸ਼ਕਤੀਮਾਨ ਪਰਮੇਸ਼ੁਰ ਦੁਆਰਾ ਦਿੱਤੇ ਗਏ ਅਧਿਕਾਰ ਦੁਆਰਾ, ਜਿਸ ਦੀ ਇੱਕ ਦੂਤ ਦੁਆਰਾ ਗਵਾਹੀ ਦਿੱਤੀ ਗਈ, ਜੋ ਹੁਣ ਅੱਗ ਦੇ ਥੰਮ੍ਹ ਦੇ ਰੂਪ ਵਿੱਚ ਮੌਜੂਦ ਹੈ, ਮੈਂ ਇਸ ਸ਼ੈਤਾਨ ਨੂੰ ਡਾਂਟਦਾ ਹਾਂ ਜੋ ਇਸ ਔਰਤ ਦੀ ਜਾਨ ਲੈ ਰਿਹਾ ਹੈ। ਯਿਸੂ ਮਸੀਹ ਦੇ ਨਾਮ ਵਿੱਚ। ਆਮੀਨ।

ਜਾਓ, ਹੁਣ ਵਿਸ਼ਵਾਸ ਕਰੋ। ਜੋ ਕੁਝ ਤੁਹਾਡੇ ਵਿੱਚ ਹੈ, ਉਸ ਨਾਲ ਵਿਸ਼ਵਾਸ ਕਰੋ।

296 ਤੁਹਾਨੂੰ ਇੱਕ ਸਮੱਸਿਆ ਹੈ ਜੋ ਹੋਰ ਕਿਸੇ ਵੀ ਚੀਜ਼ ਤੋਂ ਵੱਧ ਲੋਕਾਂ ਦੀ ਜ਼ਿੰਦਗੀ ਲੈਂਦੀ ਹੈ, ਦਿਲ ਦੀ ਸਮੱਸਿਆ। ਉਹ ਦਾਅਵਾ ਕਰਦੇ ਹਨ ਕਿ ਇਹ ਨੰਬਰ-ਇੱਕ ਬਿਮਾਰੀ ਹੈ, ਪਰ ਇਹ ਨਹੀਂ ਹੈ, ਸ਼੍ਰੀਮਾਨ। ਪਾਪ ਨੰਬਰ-ਇੱਕ ਮੰਨਿਆ ਜਾਂਦਾ ਹੈ…ਰੋਗ। ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਉਹ ਉਸ ਦਿਲ ਨੂੰ ਚੰਗਾ ਕਰਨ ਅਤੇ ਤੁਹਾਨੂੰ ਚੰਗਾ ਕਰਨ ਦੇ ਯੋਗ ਹੈ? [ਭਾਈ ਕਹਿੰਦਾ ਹੈ, "ਮੈਂ ਜਾਣਦਾ ਹਾਂ ਕਿ ਉਹ ਕਰ ਸਕਦਾ ਹੈ।"—ਸੰਪਾ.] ਫਿਰ ਜਾਓ, ਵਿਸ਼ਵਾਸ ਕਰੋ। ਪਰਮੇਸ਼ੁਰ ਤੁਹਾਨੂੰ ਆਸ਼ੀਸ਼ ਦੇਵੇ।

297 ਕੀ ਤੁਸੀਂ ਸੋਚਦੇ ਹੋ ਕਿ ਪਰਮੇਸ਼ੁਰ ਤੁਹਾਡੀ ਪਿੱਠ ਨੂੰ ਠੀਕ ਕਰ ਸਕਦਾ ਹੈ ਅਤੇ ਤੁਹਾਨੂੰ ਚੰਗਾ ਕਰ ਸਕਦਾ ਹੈ? ਕੀ ਤੁਸੀਂ ਇਸ ਤੇ ਆਪਣੇ ਪੂਰੇ ਦਿਲ ਨਾਲ ਵਿਸ਼ਵਾਸ ਕਰਦੇ ਹੋ? ਜਾਓ, ਵਿਸ਼ਵਾਸ ਕਰੋ, ਭੈਣ। ਦੇਖੋ ਕਿ ਤੁਹਾਡੇ ਨਾਲ ਕੀ ਹੁੰਦਾ ਹੈ, ਤੁਸੀਂ ਬਿਹਤਰ ਹੋ ਜਾਵੋਗੇ।

298 ਗਠੀਆ ਅਤੇ ਦਿਲ ਦੀ ਸਮੱਸਿਆ। ਪਰ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਪਰਮੇਸ਼ੁਰ ਤੁਹਾਨੂੰ ਚੰਗਾ ਕਰ ਸਕਦਾ ਹੈ? [ਭੈਣ ਕਹਿੰਦੀ ਹੈ, "ਮੈਂ ਕਰਦੀ ਹਾਂ।"—ਸੰਪਾ.] ਆਪਣੇ ਪੂਰੇ ਦਿਲ ਤੋਂ? ["ਹਾਂ, ਸ਼੍ਰੀਮਾਨ।"] ਤੁਸੀਂ ਇਸ ਨੂੰ ਸਵੀਕਾਰ ਕਰੋਗੇ? ["ਹਾਂ, ਸ਼੍ਰੀਮਾਨ।"] ਜਿਸ ਤਰ੍ਹਾਂ ਤੁਸੀਂ ਵਿਸ਼ਵਾਸ ਕੀਤਾ ਹੈ, ਤੁਹਾਡੇ ਲਈ ਉਸੇ ਤਰ੍ਹਾਂ ਹੀ ਹੋਵੇਗਾ। ਹੁਣ ਜਾਓ, ਪੂਰੇ ਦਿਲ ਤੋਂ ਵਿਸ਼ਵਾਸ ਕਰੋ, ਅਤੇ ਪਰਮੇਸ਼ੁਰ ਤੁਹਾਨੂੰ ਚੰਗਾ ਕਰੇਗਾ।

299 ਤੁਹਾਨੂੰ ਵੀ ਪਿੱਠ ਦੀ ਸਮੱਸਿਆ ਹੈ। ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਯਿਸੂ ਮਸੀਹ ਤੁਹਾਨੂੰ ਚੰਗਾ ਕਰ ਸਕਦਾ ਹੈ? [ਭੈਣ ਕਹਿੰਦੀ ਹੈ, "ਹਾਂ,

ਸ਼੍ਰੀਮਾਨ।"—ਸੰਪਾ.] ਹੁਣ ਜਾਓ, ਪੂਰੇ ਦਿਲ ਤੋਂ ਵਿਸ਼ਵਾਸ ਕਰੋ। ਮੈਂ ਤੁਹਾਨੂੰ ਚੰਗਾ ਨਹੀਂ ਕਰ ਸਕਦਾ, ਦੇਖੋ।

300 ਗਦੂਦ, ਘਬਰਾਹਟ, ਅਤੇ ਤੁਹਾਨੂੰ ਗਠੀਆ ਵੀ ਹੈ। ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਪਰਮੇਸ਼ੁਰ ਤੁਹਾਨੂੰ ਚੰਗਾ ਕਰ ਸਕਦਾ ਹੈ, ਤੁਹਾਨੂੰ ਚੰਗਾ ਕਰੇਗਾ? ਕੀ ਤੁਸੀਂ ਇਸ ਤੇ ਸਵੀਕਾਰ ਕਰਦੇ ਹੋ? ਜਾਓ, ਅਤੇ ਇਸ ਤੇ ਵਿਸ਼ਵਾਸ ਕਰੋ, ਫਿਰ।

301 ਤੁਹਾਨੂੰ ਬਹੁਤ ਵਾਰ ਜਗਾਏ ਰੱਖਦਾ ਹੈ, ਖੰਘਣਾ। ਪਰ ਪਰਮੇਸ਼ੁਰ ਦਮੇ ਨੂੰ ਠੀਕ ਕਰਦਾ ਹੈ। ਕੀ ਤੁਸੀਂ ਇਹ ਵਿਸ਼ਵਾਸ ਹੋ? [ਭਾਈ ਕਹਿੰਦਾ ਹੈ, "ਹਾਂ, ਸ਼੍ਰੀਮਾਨ।"—ਸੰਪਾ.] ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਉਹ ਤੁਹਾਨੂੰ ਹੁਣ ਚੰਗਾ ਕਰਦਾ ਹੈ? ["ਹਾਂ, ਸ਼੍ਰੀਮਾਨ।"] ਪਰਮੇਸ਼ੁਰ ਤੁਹਾਨੂੰ ਆਸ਼ੀਸ਼ ਦੇਵੇ। ਤੁਹਾਡਾ ਧੰਨਵਾਦ, ਤੁਹਾਡੇ ਵਿਸ਼ਵਾਸ ਲਈ।

302 ਕੀ ਹੋਵੇਗਾ ਜੇ ਮੈਂ ਤੈਨੂੰ ਇੱਕ ਸ਼ਬਦ ਵੀ ਨਾ ਕਹਾਂ, ਬਸ ਆਪਣੇ ਹੱਥ ਤੁਹਾਡੇ ਤੇ ਰੱਖਾਂ, ਕੀ ਤੁਸੀਂ ਵਿਸ਼ਵਾਸ ਕਰੋਗੇ? [ਭਾਈ ਕਹਿੰਦਾ ਹੈ, "ਹਾਂ।"—ਸੰਪਾ.] ਇੱਥੇ ਆਓ। ਮੈਂ ਯਿਸੂ ਮਸੀਹ ਦੇ ਨਾਮ ਵਿੱਚ, ਤੁਹਾਡੇ ਉੱਤੇ ਹੱਥ ਰੱਖਦਾ ਹਾਂ, ਅਤੇ ਗਠੀਏ ਦਾ ਰੋਗ ਤੁਹਾਨੂੰ ਛੱਡ ਦੇਵੇਗਾ। ਇਹ ਛੱਡ ਗਿਆ ਹੈ।

303 ਆਓ। ਆਓ, ਭੈਣ। ਕੀ ਤੁਸੀਂ ਵਿਸ਼ਵਾਸ ਕਰਦੇ ਹੋ? [ਭੈਣ ਕਹਿੰਦੀ ਹੈ, "ਹਾਂ, ਸ਼੍ਰੀਮਾਨ। ਮੈਨੂੰ ਪ੍ਰਭੂ ਦੁਆਰਾ ਪਹਿਲਾਂ ਵੀ ਚੰਗਾ ਕੀਤਾ ਗਿਆ ਸੀ।"—ਸੰਪਾ.] ਅੱਛਾ, ਇਹ ਸ਼ਾਨਦਾਰ ਗੱਲ ਹੈ। ["ਹਲਲੂਯਾਹ!"] ਫਿਰ ਤੁਸੀਂ ਜਾ ਕੇ ਰਾਤ ਦਾ ਖਾਣਾ ਖਾਓ, ਅਤੇ ਤੁਹਾਡਾ ਪੇਟ ਠੀਕ ਹੋ ਜਾਵੇਗਾ। ["ਹਲਲੂਯਾਹ! ਹਲਲੂਯਾਹ! ਹਲਲੂਯਾਹ!"]

304 ਪਿੱਠ ਦੀ ਬਹੁਤ ਜਿਆਦਾ ਸਮੱਸਿਆ ਹੈ, ਇਹ ਤੁਹਾਨੂੰ ਲੰਬੇ ਸਮੇਂ ਤੋਂ ਪਰੇਸ਼ਾਨ ਕਰ ਰਹੀ ਹੈ। ਜਾਓ, ਵਿਸ਼ਵਾਸ ਕਰਦੇ ਹੋਏ ਕਿ ਤੁਸੀਂ...ਜਾਓ, ਵਿਸ਼ਵਾਸ ਕਰਦੇ ਹੋਏ ਕਿ ਤੁਸੀਂ ਬਿਲਕੁਲ ਠੀਕ ਜਾਓਗੇ, ਅਤੇ ਪਰਮੇਸ਼ੁਰ ਤੁਹਾਡੇ ਲਈ ਇਹ ਕਰੇਗਾ। [ਭਾਈ ਕਹਿੰਦਾ ਹੈ, "ਪਰਮੇਸ਼ੁਰ ਨੇ ਕਰ ਦਿੱਤਾ ਹੈ। ਆਮੀਨ।"—ਸੰਪਾ.] ਆਮੀਨ। ਇਹ ਚੰਗੀ ਗੱਲ ਹੈ। ["ਪ੍ਰਭੂ ਦੀ ਉਸਤਤ ਕਰੋ।"] ਪ੍ਰਭੂ ਤੁਹਾਨੂੰ ਅਸੀਸ ਦੇਵੇ, ਭਾਈ। ਆਮੀਨ।

305 ਡਾਇਬੀਟੀਜ਼ ਕੁਝ ਵੀ ਨਹੀਂ ਹੈ, ਪਰਮੇਸ਼ੁਰ ਦੇ ਲਈ ਚੰਗਾ ਕਰਨ ਲਈ। ਉਹ ਉਨ੍ਹਾਂ ਨੂੰ ਚੰਗਾ ਕਰ ਸਕਦਾ ਹੈ। ਕੀ ਤੁਸੀਂ ਇਸ ਤੇ ਵਿਸ਼ਵਾਸ ਕਰਦੇ ਹੋ? [ਭੈਣ ਕਹਿੰਦੀ ਹੈ, "ਮੈਂ ਕਰਦੀ ਹਾਂ।"—ਸੰਪਾ.] ਠੀਕ ਹੈ। ਇਸਨੂੰ ਸਵੀਕਾਰ ਕਰੋ, ਅਤੇ ਹੁਣ ਆਪਣੇ ਪੂਰੇ ਦਿਲ ਨਾਲ ਉਸ ਵਿੱਚ ਵਿਸ਼ਵਾਸ ਕਰੋ।

306 ਇਹ ਤੁਹਾਡੇ ਖ਼ੂਨ ਵਿੱਚ ਵੀ ਹੈ। ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਪਰਮੇਸ਼ੁਰ ਤੁਹਾਨੂੰ ਚੰਗਾ ਕਰੇਗਾ? ਜਾਓ, ਪੂਰੇ ਦਿਲ ਨਾਲ ਇਸ ਤੇ ਵਿਸ਼ਵਾਸ ਕਰੋ, ਅਤੇ ਤੰਦਰੁਸਤ ਹੋਵੋ।

307 ਤੁਸੀਂ ਵਿਸ਼ਵਾਸ ਕਰਦੇ ਹੋ ਕਿ ਉਸਨੇ ਤੁਹਾਨੂੰ ਚੰਗਾ ਕੀਤਾ ਤਾਂ ਜਦੋਂ ਇਹ ਤੁਹਾਡੇ ਤੇ ਆਇਆ? ਉਸ ਨੇ ਕੀਤਾ।

308 ਔਰਤ ਦੀ ਸਮੱਸਿਆ। ਦਿਲ ਦੀ ਸਮੱਸਿਆ। ਕੀ ਤੁਸੀਂ ਇਸ ਤੇ ਵਿਸ਼ਵਾਸ ਕਰਦੇ ਹੋ? [ਭੈਣ ਕਹਿੰਦੀ ਹੈ, "ਇਸ ਤੇ ਵਿਸ਼ਵਾਸ ਕਰਦੀ ਹਾਂ।"—ਸੰਪਾ.] ਜਾਉ, ਯਿਸੂ ਦੇ ਨਾਮ ਵਿੱਚ ਚੰਗੇ ਹੋ ਜਾਓ—ਜਾਓ।

309 ਤੁਸੀਂ ਵਿਸ਼ਵਾਸ ਕਰੋ ਕਿ ਪਰਮੇਸ਼ੁਰ ਤੁਹਾਡੀ ਪਿੱਠ ਠੀਕ ਕਰੇਗਾ, ਤੁਹਾਡੇ ਗੁਰਦੇ ਠੀਕ ਹੋ ਜਾਣਗੇ...ਤੁਹਾਨੂੰ ਆਸ਼ੀਸ਼ ਮਿਲੇ! ਬਸ ਸਿੱਧੇ ਚਲੇ ਜਾਓ।

ਮੈਂ ਚੰਗਾ ਨਹੀਂ ਕਰਦਾ। ਮੈਂ ਚੰਗਾ ਨਹੀਂ ਕਰ ਸਕਦਾ। ਮੈਂ ਚੰਗਾ ਕਰਨ ਵਾਲਾ ਨਹੀਂ ਹਾਂ।

310 ਤੁਸੀਂ ਕੀ ਸੋਚਿਆ ਸੀ ਜਦੋਂ ਉਸਨੇ ਆਪਣੀ ਪਿੱਠ ਬਾਰੇ ਕਿਹਾ, ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਤੁਹਾਡੀ ਵੀ ਠੀਕ ਹੋ ਗਈ ਹੈ? ਠੀਕ ਹੈ, ਫਿਰ, ਇਸ ਤੇ ਵਿਸ਼ਵਾਸ ਕਰਦੇ ਹੋਏ, ਜਾਓ...ਬੱਸ ਇਸ ਤੇ ਵਿਸ਼ਵਾਸ ਕਰੋ, ਆਪਣੇ ਪੂਰੇ ਦਿਲ ਤੋਂ।

311 ਤੁਹਾਡਾ ਵੀ, ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਪਰਮੇਸ਼ੁਰ ਤੁਹਾਨੂੰ ਚੰਗਾ ਕਰਦਾ ਹੈ? ਜਾਓ, ਇਸ ਤੇ ਆਪਣੇ ਪੂਰੇ ਦਿਲ ਨਾਲ, ਵਿਸ਼ਵਾਸ ਕਰੋ। ਪਰਮੇਸ਼ੁਰ ਇਸ ਨੂੰ ਦੇ ਦੇਵੇਗਾ ਜੇ ਤੁਸੀਂ...ਹਾਲਾਂਕਿ, ਤੁਹਾਨੂੰ ਇਸ ਤੇ ਵਿਸ਼ਵਾਸ ਕਰਨਾ ਪਏਗਾ।

312 ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਪਰਮੇਸ਼ੁਰ ਤੁਹਾਨੂੰ ਵੀ ਚੰਗਾ, ਕਰੇਗਾ? [ਭੈਣ ਕਹਿੰਦੀ ਹੈ, "ਪ੍ਰਭੂ ਦੀ ਮਹਿਮਾ ਹੋਵੇ! ਮੈਨੂੰ ਯਕੀਨ ਹੈ।"—ਸੰਪਾ.] ਠੀਕ ਹੈ। ਪਰਮੇਸ਼ੁਰ ਤੁਹਾਨੂੰ ਆਸ਼ੀਸ਼ ਦੇਵੇ। ਬੱਸ ਸਹੀ ਚੱਲੋ ਅਤੇ ਆਪਣੇ ਪੂਰੇ ਦਿਲ ਨਾਲ ਵਿਸ਼ਵਾਸ ਕਰੋ।

313 ਆਓ, ਸ਼੍ਰੀਮਾਨ। ਇੱਕ ਪੁਰਾਣੀ ਚਿੱਟੀ ਬੂੰਦ ਹੇਠਾਂ ਡਿੱਗ ਰਹੀ ਹੈ। ਇਸ ਦੀ ਜਾਂਚ ਸ਼ੂਗਰ ਰੋਗ ਦਿਖਾਏਗੀ। [ਭਾਈ ਕਹਿੰਦਾ ਹੈ, "ਸ਼ੂਗਰ।"—ਸੰਪਾ.] ਕੀ ਤੁਹਾਨੂੰ ਵਿਸ਼ਵਾਸ ਹੈ ਕਿ ਉਹ ਤੁਹਾਨੂੰ ਚੰਗਾ ਕਰੇਗਾ? ਚਲੋ ਹੁਣੇ ਲਹੂ ਚੜ੍ਹਾਉਣ ਲਈ ਕਲਵਰੀ ਤੇ ਚੱਲੀਏ। ਵਿਸ਼ਵਾਸ ਦੁਆਰਾ, ਯਿਸੂ ਮਸੀਹ ਦੇ ਨਾਮ ਵਿੱਚ, ਉਹ ਚੰਗਾ ਹੋ ਜਾਵੇ। ਆਮੀਨ। ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ,

ਭਾਈ। ਪੂਰੇ ਦਿਲ ਨਾਲ ਵਿਸ਼ਵਾਸ ਕਰੋ। ਕੀ ਤੁਸੀਂ ਵਿਸ਼ਵਾਸ ਕਰਦੇ ਹੋ? [“ਬਿਲਕੁਲ ਸੱਚ ਹੈ।”]

314 ਹੁਣ ਤੁਹਾਡੇ ਵਿੱਚੋਂ ਕੁਝ ਬਾਰੇ ਕੀ ਜਿਹੜੇ ਸੁਣਨ ਵਾਲਿਆਂ ਵਿੱਚ ਹਨ? ਕੀ ਤੁਸੀਂ ਆਪਣੇ ਪੂਰੇ ਦਿਲ ਨਾਲ ਵਿਸ਼ਵਾਸ ਕਰਦੇ ਹੋ, ਕਿ ਯਿਸੂ ਮਸੀਹ ਕੱਲ੍ਹ, ਅੱਜ, ਅਤੇ ਯੁਗਾਂ ਯੁੱਗ ਇੱਕੋ ਜਿਹਾ ਹੈ? ਕੀ ਤੁਸੀਂ ਇਹ ਵਿਸ਼ਵਾਸ ਕਰਦੇ ਹੋ? [ਸਭਾ ਆਖਦੀ ਹੈ, “ਆਮੀਨ।”—ਸੰਪਾ.]

315 *ਇਸ* ਮੰਡਲੀ ਦੇ ਬਾਰੇ ਕੀ ਹੈ? ਛੋਟੀ ਔਰਤ ਬੈਠੇ ਹੋਏ, ਮੇਰੇ ਵੱਲ ਦੇਖ ਰਹੀ ਹੈ, ਇੱਕ ਔਰਤ ਦੀ ਬਿਮਾਰੀ ਤੋਂ ਦੁਖੀ ਹੈ, ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਪਰਮੇਸ਼ੁਰ ਤੁਹਾਨੂੰ ਚੰਗਾ ਕਰੇਗਾ? ਬਸ ਇੱਕ ਨੀਲਾ ਕੋਟ ਪਹਿਨਿਆ ਹੋਇਆ ਹੈ। ਠੀਕ ਹੈ। ਹੁਣ ਵਿਸ਼ਵਾਸ ਕਰੋ, ਯਿਸੂ ਮਸੀਹ ਤੁਹਾਨੂੰ ਚੰਗਾ ਕਰਦਾ ਹੈ। ਇਹ ਬਸ ਇੰਨਾ ਸਧਾਰਨ ਹੈ।

316 ਉਹ ਔਰਤ ਜੋ ਠੀਕ ਤੁਹਾਡੇ ਪਿੱਛੇ ਬੈਠੀ ਹੋਈ ਹੈ, ਕਾਲੇ ਵਾਲਾਂ ਵਾਲੀ। ਉਹਨੇ ਕਿਹਾ, “ਤੁਹਾਡਾ ਧੰਨਵਾਦ, ਪ੍ਰਭੂ।” ਕੋਈ ਚੀਜ਼ ਉਸ ਉੱਤੇ ਉੱਤਰੀ ਹੈ। ਉਹ ਨਹੀਂ ਜਾਣਦੀ ਸੀ ਕਿ ਇਹ ਕੀ ਸੀ। ਮੂਤਰਾਸ਼ੇ ਦੀ ਸਮੱਸਿਆ ਤੁਹਾਨੂੰ ਛੱਡ ਗਈ ਹੈ, ਤੁਸੀਂ ਬਿਲਕੁਲ ਉੱਥੇ ਬੈਠੇ ਸੀ, ਉਸ ਮਹਿਲਾ ਦੇ ਬਿਲਕੁਲ ਪਿੱਛੇ, ਜਿਸਨੂੰ ਉਸੇ ਵੇਲੇ ਹੀ ਚੰਗਾ ਕੀਤਾ ਗਿਆ ਸੀ। ਜੇ ਤੁਸੀਂ ਉੱਥੇ ਆਪਣੇ ਪੂਰੇ ਦਿਲ ਨਾਲ ਵਿਸ਼ਵਾਸ ਕਰਦੇ ਹੋ, ਔਰਤ। ਤੁਸੀਂ ਕਰਦੇ ਹੋ? ਠੀਕ ਹੈ, ਜੇ ਤੁਸੀਂ ਇਸਨੂੰ ਸਵੀਕਾਰ ਕਰਨਾ ਚਾਹੁੰਦੇ ਹੋ ਤਾਂ ਆਪਣਾ ਹੱਥ ਉਠਾਓ। ਪਰਮੇਸ਼ੁਰ ਤੁਹਾਨੂੰ ਚੰਗਾ ਕਰੇ।

ਇੱਥੇ ਇਸ ਬਾਰੇ ਕੀ, *ਇੱਥੇ* ਕੋਈ ਹੈ?

317 ਪਿਛਾਂਹ ਉੱਥੇ ਸਭਾ ਵਿੱਚ, ਹੁਣ ਅਸਲੀ ਆਦਰ ਭਾਵ ਨਾਲ ਬੈਠੋ। ਹਿੱਲੋ ਨਾ। ਦੇਖੋ, ਇਹ ਰੋਗ ਇੱਕ ਤੋਂ ਦੂਜੇ ਵਿੱਚ ਚਲੇ ਜਾਣਗੇ।

318 ਤੁਹਾਡੇ ਬਾਰੇ ਕੀ, ਸ਼੍ਰੀ ਮਾਨ? ਇਹ ਬਜ਼ੁਰਗ ਵਿਅਕਤੀ ਜੋ ਇੱਥੇ ਕੁਰਸੀ ਵਿੱਚ ਬੈਠੇ ਹਨ? ਕੀ ਤੁਸੀਂ ਵਿਸ਼ਵਾਸ ਕਰਦੇ ਹੋ? ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਪ੍ਰਭੂ ਤੁਹਾਨੂੰ ਚੰਗਾ ਕਰ ਸਕਦਾ ਹੈ? ਗਠੀਆ, ਅਤੇ ਤੁਹਾਨੂੰ ਸ਼ਾਹ ਦੀ ਨਲੀ ਵਿੱਚ ਸੋਜ ਹੈ। ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਪਰਮੇਸ਼ੁਰ ਇਹਨੂੰ ਚੰਗਾ ਕਰੇਗਾ? ਤੁਸੀਂ ਕਰਦੇ ਹੋ? ਠੀਕ ਹੈ, ਤੁਸੀਂ ਉਹ ਪ੍ਰਾਪਤ ਕਰ ਸਕਦੇ ਹੋ ਜੋ ਤੁਸੀਂ ਮੰਗਿਆ ਹੈ। “ਜੇ ਤੁਸੀਂ ਵਿਸ਼ਵਾਸ ਕਰ ਸਕਦੇ ਹੋ!”

319 ਤੁਸੀਂ ਕੀ ਸੋਚਦੇ ਹੋ, ਔਰਤ, ਜੋ ਉਸਦੇ ਨਾਲ ਬੈਠੇ ਹੋਏ ਹੋ? ਕੀ ਤੁਸੀਂ ਵੀ ਵਿਸ਼ਵਾਸ ਕਰਦੇ ਹੋ? ਕੀ ਤੁਸੀਂ ਵਿਸ਼ਵਾਸ ਕਰਦੇ ਹੋ? ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਪਰਮੇਸ਼ੁਰ ਮੈਨੂੰ ਦੱਸ ਸਕਦਾ ਹੈ ਕਿ ਤੁਹਾਡੀ ਪਰੇਸ਼ਾਨੀ ਕੀ ਹੈ?

ਤੁਸੀਂ ਮੇਰੇ ਤੋਂ ਦੂਰ ਹੋ। ਬਸ ਹੁਣ ਉਸ ਤੇ ਵਿਸ਼ਵਾਸ ਕਰੋ। ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਮੈਂ ਤੁਹਾਨੂੰ ਸੱਚ ਦੱਸਿਆ ਹੈ? ਤਾਂ ਫਿਰ ਤੁਹਾਡਾ ਹਾਈ ਬਲੱਡ ਪ੍ਰੈਸ਼ਰ ਘੱਟ ਜਾਵੇਗਾ। ਕੀ ਤੁਸੀਂ ਇਸ ਤੇ ਵਿਸ਼ਵਾਸ ਕਰਦੇ ਹੋ?

320 ਤੁਸੀਂ ਵੀ, ਆਪਣਾ ਹੱਥ ਉਠਾਇਆ ਹੈ। ਤੁਸੀਂ ਉਸਨੂੰ ਹੌਸਲਾ ਦੇਣ ਦੀ ਕੋਸ਼ਿਸ਼ ਕਰ ਰਹੇ ਸੀ। ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਪ੍ਰਭੂ ਮੈਨੂੰ ਦੱਸ ਸਕਦਾ ਹੈ ਕਿ ਕੀ ਹੈ...ਤੁਸੀਂ ਉਸ ਦੀ ਮਦਦ ਕਰਨ ਵਿੱਚ ਬਹੁਤ ਚੰਗੇ ਸਾਬਤ ਹੋਏ ਹੋ, ਹੁਣ ਪ੍ਰਭੂ ਤੁਹਾਡੀ ਮਦਦ ਕਰਨ ਵਿੱਚ ਚੰਗਾ ਹੋਵੇਗਾ। ਤੁਹਾਨੂੰ ਇੱਕ ਆਤਮਿਕ ਪਰੇਸ਼ਾਨੀ ਹੈ ਜੋ ਤੁਹਾਨੂੰ ਪਰੇਸ਼ਾਨ ਕਰ ਰਹੀ ਹੈ। ਜੇ ਇਹ ਸਹੀ ਹੈ, ਤਾਂ ਆਪਣਾ ਹੱਥ *ਇਸ* ਤਰ੍ਹਾਂ ਹਿਲਾਓ। ਹੁਣ ਇਹ ਸਮੱਸਿਆ ਹੱਲ ਹੋਣ ਲਗੀ ਹੈ। ਉਹ ਇਸ ਨੂੰ ਠੀਕ ਕਰ ਦੇਵੇਗਾ।

321 ਕਿੰਨੇ ਵਿਸ਼ਵਾਸ ਕਰਦੇ ਹਨ? ਤੁਹਾਡੇ ਵਿੱਚੋਂ ਕਿੰਨੇ ਜਣੇ...ਜੋ ਮਸੀਹੀ ਨਹੀਂ ਹਨ, ਇਹ ਮਹਿਸੂਸ ਕਰਦੇ ਹਨ ਕਿ ਯਿਸੂ ਮਸੀਹ ਇੱਥੇ ਮੌਜੂਦ ਹੈ, ਜੋ ਹੁਣ ਖੜ੍ਹਨਾ ਚਾਹੁੰਦੇ ਹਨ ਅਤੇ ਕਹਿਣਾ ਚਾਹੁੰਦੇ ਹਨ, "ਯਿਸੂ, ਮੈਂ ਆਪਣੇ ਪਾਪੀ ਸਵੀਕਾਰ ਕਰਦਾ ਹਾਂ, ਕੀ ਤੁਸੀਂ ਮੇਰੇ ਪਾਪ ਮਾਫ਼ ਕਰੋਗੇ?" ਆਪਣੇ ਪੈਰਾਂ ਤੇ ਖੜ੍ਹੇ ਹੋ ਜਾਓ। ਪਰਮੇਸ਼ੁਰ ਤੁਹਾਨੂੰ ਅਸੀਸ ਦੇਵੇ, ਸ਼੍ਰੀ ਮਾਨ। ਪਰਮੇਸ਼ੁਰ ਤੁਹਾਨੂੰ ਅਸੀਸ ਦੇਵੇ। ਪਰਮੇਸ਼ੁਰ ਤੁਹਾਨੂੰ ਅਸੀਸ ਦੇਵੇ। ਪਰਮੇਸ਼ੁਰ ਤੁਹਾਨੂੰ ਅਸੀਸ ਦੇਵੇ। ਪਰਮੇਸ਼ੁਰ ਤੁਹਾਨੂੰ ਅਸੀਸ ਦੇਵੇ। ਪਰਮੇਸ਼ੁਰ ਤੁਹਾਨੂੰ ਅਸੀਸ ਦੇਵੇ।" ਉਹ ਹੈ...ਪਰਮੇਸ਼ੁਰ ਤੁਹਾਨੂੰ ਅਸੀਸ ਦੇਵੇ, ਤੁਹਾਨੂੰ, ਤੁਹਾਨੂੰ, ਤੁਹਾਨੂੰ। ਇਹ, ਉਹ ਤੁਹਾਨੂੰ ਦੇਖਦਾ ਹੈ। ਜਦੋਂ ਤੁਸੀਂ ਅਜਿਹਾ ਕਰਦੇ ਹੋ ਤਾਂ ਉਸਨੇ ਤੁਹਾਡਾ ਨਾਮ ਲਿਖ ਲਿਆ।

322 ਇੱਥੇ ਬਾਲਕੋਨੀ ਵਿੱਚ, ਖੜੇ ਹੋਵੋ, ਕਹੋ, "ਪ੍ਰਭੂ ਯਿਸੂ, ਮੈਂ ਚਾਹੁੰਦਾ ਹਾਂ, ਮੈਂ ਪਛਾਣਿਆ ਜਾਣਾ ਚਾਹੁੰਦਾ ਹਾਂ। ਮੈਂ ਆਪਣੇ ਰੂਹ ਲਈ ਦਇਆ ਚਾਹੁੰਦਾ ਹਾਂ।" ਪਰਮੇਸ਼ੁਰ ਤੁਹਾਨੂੰ ਅਸੀਸ ਦੇਵੇ, ਸ਼੍ਰੀ ਮਾਨ। "ਮੈਂ ਦਇਆ ਚਾਹੁੰਦਾ ਹਾਂ, ਪ੍ਰਭੂ ਯਿਸੂ।"

323 ਕੀ ਤੁਸੀਂ ਨਹੀਂ ਦੇਖ ਸਕਦੇ, ਦੋਸਤ, ਉਹ ਇੱਥੇ ਹੈ? ਪਰਮੇਸ਼ੁਰ ਤੁਹਾਨੂੰ ਅਸੀਸ ਦੇਵੇ, ਨੌਜਵਾਨ ਆਦਮੀ। ਪਰਮੇਸ਼ੁਰ ਤੁਹਾਨੂੰ ਅਸੀਸ ਦੇਵੇ। ਪ੍ਰਭੂ ਤੈਨੂੰ ਅਸੀਸ ਦੇਵੇ, ਜਵਾਨ ਔਰਤ। ਇਹ ਸਭ ਤੋਂ ਵੱਡੀ ਚੀਜ਼ ਹੈ ਜੋ ਤੁਸੀਂ ਕਦੇ ਕੀਤੀ ਹੈ। ਹੁਣ ਕੋਈ ਹੋਰ ਜਿਸਨੇ ਇਹ ਨਹੀਂ ਕੀਤਾ, ਖੜੇ ਹੋਵੋ, ਕਹੋ, "ਮੈਂ ਪਛਾਣਿਆ ਜਾਣਾ ਚਾਹੁੰਦਾ ਹਾਂ, ਪ੍ਰਭੂ ਯਿਸੂ। ਮੈਂ ਅੱਜ ਰਾਤ ਆਪਣੀ ਪਛਾਣ ਦੇ ਰਿਹਾ ਹਾਂ।"

324 "ਜਿਹੜਾ ਆਪਣੇ ਪਾਪਾਂ ਨੂੰ ਮੰਨ ਲੈਂਦਾ ਹੈ ਉਹ ਦੇ ਉੱਤੇ ਰਹਮ ਕੀਤਾ

ਜਾਵੇਗਾ। ਜਿਹੜਾ ਆਪਣੇ ਅਪਰਾਧਾਂ ਨੂੰ ਲੁੱਕੋ ਲੈਂਦਾ ਹੈ, ਉਹ ਸਫ਼ਲ ਨਹੀਂ ਹੁੰਦਾ।"

325 ਕੀ ਤੁਸੀਂ, ਉਸਦੀ ਹਜੂਰੀ ਵਿੱਚ? ਪ੍ਰਭੂ ਤੁਹਾਨੂੰ ਅਸੀਸ ਦੇਵੇ, ਔਰਤ। ਮੈਂ ਚਾਹੁੰਦਾ ਹਾਂ...ਪਰਮੇਸ਼ੁਰ ਤੁਹਾਨੂੰ ਅਸੀਸ ਦੇਵੇ। ਹਾਂ। ਅਤੇ ਪਰਮੇਸ਼ੁਰ ਤੁਹਾਨੂੰ ਅਸੀਸ ਦੇਵੇ। ਪ੍ਰਭੂ ਤੁਹਾਨੂੰ ਅਸੀਸ ਦੇਵੇ, ਸ਼੍ਰੀਮਾਨ। ਪ੍ਰਭੂ ਤੁਹਾਨੂੰ ਅਸੀਸ ਦੇਵੇ, ਔਰਤ। ਪ੍ਰਭੂ ਤੁਹਾਨੂੰ ਅਸੀਸ ਦੇਵੇ।

326 ਤੁਸੀ ਕਹਿੰਦੇ ਹੋ, "ਕੀ ਇਸਦਾ ਕੋਈ ਮਤਲਬ ਹੈ?" ਮੌਤ ਅਤੇ ਜੀਵਨ ਵਿੱਚ, ਇਹੀ ਅੰਤਰ ਹੈ।

327 ਕੀ ਤੁਸੀਂ ਇੱਥੇ ਉਸਦੀ ਹਜੂਰੀ ਨੂੰ ਪਛਾਣਦੇ ਹੋ? ਕੀ ਤੁਸੀਂ ਇਸ ਨੂੰ ਪਛਾਣਦੇ ਹੋ? ਕੀ ਤੁਸੀਂ ਇਹ ਮਹਿਸੂਸ ਕਰਦੇ ਹੋ? ਦੇਖੋ, ਤੁਸੀਂ ਇਸਨੂੰ ਦੇਖਦੇ ਹੋ, ਤੁਸੀਂ ਇਸਨੂੰ ਕੰਮ ਕਰਦੇ ਹੋਏ ਦੇਖਦੇ ਹੋ। ਉਹ ਉਹੀ ਹੈ। ਇਹ ਬਿਲਕੁਲ ਉਹੀ ਹੈ ਜੋ ਉਸਨੇ ਕਿਹਾ ਕਿ ਉਹ ਕਰੇਗਾ। ਕੀ ਤੁਸੀਂ ਇਸ ਤੇ ਵਿਸ਼ਵਾਸ ਕਰਦੇ ਹੋ? [ਕਲੀਸਿਯਾ ਕਹਿੰਦੀ ਹੈ, "ਆਮੀਨ।"—ਸੰਪਾ.]

328 ਕੋਈ ਹੋਰ ਕਹੇ, "ਪ੍ਰਭੂ, ਮੈਂ ਆਪਣੇ ਆਪ ਨੂੰ ਇੱਕ ਪਾਪੀ ਸਵੀਕਾਰ ਕਰਦਾ ਹਾਂ। ਤੁਸੀਂ ਹੁਣ ਮੇਰੇ ਪਾਪਾਂ ਨੂੰ ਮਾਫ਼ ਕਰ ਦਿਓ।" ਜੇ ਤੁਸੀਂ ਪਹਿਲਾਂ ਹੀ ਖੜ੍ਹੇ ਹੋ, ਤਾਂ ਬੱਸ ਆਪਣਾ ਹੱਥ ਉਠਾਓ। ਤੁਹਾਡੇ ਵਿੱਚੋਂ ਕੁਝ ਕੰਧਾਂ ਦੇ ਕੋਲ ਹਨ, ਉਠਾਓ...ਪਰਮੇਸ਼ੁਰ ਤੁਹਾਨੂੰ ਆਸ਼ੀਸ਼ ਦੇਵੇ। ਪਰਮੇਸ਼ੁਰ ਤੁਹਾਨੂੰ ਆਸ਼ੀਸ਼ ਦੇਵੇ। ਕੋਈ ਹੋਰ ਕਹੇ, ਉੱਪਰ ਬਾਲਕੋਨੀ ਵਿੱਚ ਪਿਛਲੇ ਪਾਸੇ, ਕਹੋ, "ਮੈਂ ਆਪਣੀ ਪਛਾਣ ਕਰਨਾ ਚਾਹੁੰਦਾ ਹਾਂ, ਪ੍ਰਭੂ ਯਿਸੂ। ਮੈਂ ਅੱਜ ਰਾਤ, ਤੁਹਾਡੀ ਰੱਬੀ ਹਜ਼ੂਰੀ ਵਿੱਚ, ਰਹਿਮ ਦੀ ਮੰਗ ਕਰਦਾ ਹਾਂ, ਇਹ ਵਿਸ਼ਵਾਸ ਕਰਦੇ ਹੋਏ ਕਿ, ਉਹੀ ਪਰਮੇਸ਼ੁਰ ਜੋ ਮੇਰਾ ਨਿਆਂ ਕਰੇਗਾ, ਉਸਦੀ ਹਜੂਰੀ ਹੁਣ ਇੱਥੇ ਹੈ। ਉਹ ਜਾਣਦਾ ਹੈ ਕਿ ਉਹ ਮੇਰੇ ਦਿਲ ਦੀ ਗੱਲ ਕਰ ਰਿਹਾ ਹੈ ਅਤੇ ਮੈਨੂੰ ਦੱਸ ਰਿਹਾ ਹੈ ਕਿ ਮੈਂ ਗਲਤ ਹਾਂ। ਮੈਂ ਖੜ੍ਹਾ ਹੋਣਾ ਚਾਹੁੰਦਾ ਹਾਂ ਅਤੇ ਕਹਿਣਾ ਚਾਹੁੰਦਾ ਹਾਂ ਕਿ ਮੈਂ ਗਲਤ ਹਾਂ। ਮੈਂ ਆਪਣੀ ਗਲਤੀ ਮੰਨਦਾ ਹਾਂ। ਤੁਸੀਂ ਮੇਰੇ ਦਿਲ ਵਿੱਚ ਮੈਨੂੰ ਮਜਬੂਰ ਕਰ ਰਹੇ ਹੋ।" ਇਹੀ ਕਾਰਨ ਹੈ ਕਿ ਮੈਂ ਪ੍ਰਾਰਥਨਾ ਦੀ ਕਤਾਰ ਰੋਕ ਦਿੱਤੀ ਹੈ। ਪ੍ਰਭੂ ਤੁਹਾਨੂੰ ਆਸ਼ੀਸ਼ ਦੇਵੇ। ਪ੍ਰਭੂ ਤੁਹਾਨੂੰ ਆਸ਼ੀਸ਼ ਦੇਵੇ।

329 ਤੁਸੀਂ ਕੀ ਸੋਚਦੇ ਹੋ ਕਿ ਮੈਂ ਇਸਨੂੰ ਕਿਸ ਲਈ ਰੋਕਿਆ? ਮੈਂ ਇਸਨੂੰ ਰੋਕ ਦਿੱਤਾ ਕਿਉਂਕਿ ਮੈਨੂੰ ਪਤਾ ਸੀ ਕਿ ਅਜਿਹਾ ਹੋਣਾ ਸੀ।

330 ਹੁਣ, ਇੱਥੇ ਹੋਰ ਵੀ ਹਨ, ਕੀ ਤੁਸੀਂ ਖੜ੍ਹੇ ਨਹੀਂ ਹੋਵੋਗੇ? ਖੜੇ ਹੋਵੋ ਅਤੇ ਕਹੋ ਕਿ ਕੋਈ ਚੀਜ ਤੁਹਾਡੇ ਦਿਲ ਨਾਲ ਗੱਲ ਕਰ ਰਿਹਾ ਹੈ, "ਤੁਸੀਂ ਗਲਤ ਹੋ।" ਪਰਮੇਸ਼ੁਰ ਤੁਹਾਨੂੰ ਅਸੀਸ ਦੇਵੇ, ਸ਼੍ਰੀਮਾਨ। ਪਰਮੇਸ਼ੁਰ ਤੁਹਾਨੂੰ ਆਸ਼ੀਸ਼

ਦੇਵੇ। ਪਰਮੇਸ਼ੁਰ ਤੁਹਾਨੂੰ ਆਸ਼ੀਸ਼ ਦੇਵੇ। ਪਰਮੇਸ਼ੁਰ ਤੁਹਾਨੂੰ ਆਸ਼ੀਸ਼ ਦੇਵੇ। "ਮੈਂ ਗਲਤ ਹਾਂ। ਮੈਨੂੰ ਮਾਫ਼ ਕਰ, ਪ੍ਰਭੂ। ਮੈਂ ਆਪਣੀ ਪਛਾਣ ਦੇ ਰਿਹਾ ਹਾਂ। ਮੈਂ ਖਲੋਤਾ ਹਾਂ, ਪ੍ਰਭੂ, ਤੁਹਾਡੀ ਹਜ਼ੂਰੀ ਵਿੱਚ। ਮੈਨੂੰ ਪਤਾ ਹੈ ਕਿ ਤੁਸੀਂ ਇੱਥੇ ਹੋ। ਮੈਂ...ਤੁਹਾਨੂੰ ਇੱਥੇ ਹੋਣਾ ਚਾਹੀਦਾ ਹੈ। ਤੁਸੀਂ ਕਿਹਾ ਕਿ ਇਹੀ ਉਹ ਚੀਜ਼ ਹੋਵੇਗੀ ਜੋ—ਜੋ ਤੁਸੀਂ ਕਰੋਗੇ। ਹੁਣ ਮੈਂ...ਮੈਂ ਉਸ ਚਿਨ੍ਹ ਨੂੰ ਵੇਖਦਾ ਹਾਂ, ਅਤੇ ਮੈਂ ਜਾਣਦਾ ਹਾਂ ਕਿ ਇਹ ਮੈਨੂੰ ਸਮਝਾਇਆ ਗਿਆ ਸੀ ਕਿ ਇਹ ਇਸ ਦਿਨ ਦਾ ਚਿਨ੍ਹ ਹੋਣਾ ਚਾਹੀਦਾ ਹੈ। ਮੈਂ ਉਸ ਆਵਾਜ਼ ਨੂੰ ਸੁਣਦਾ ਹਾਂ ਜੋ ਤੌਬਾ ਕਰਨ ਲਈ ਵਾਪਸ ਬੁਲਾਉਂਦੀ ਹੈ। ਇੱਥੇ ਮੈਂ ਹਾਂ, ਪ੍ਰਭੂ। ਮੈਂ ਉਸ ਚਿਨ੍ਹ ਤੇ ਵਿਸ਼ਵਾਸ ਕਰਦਾ ਹਾਂ। ਮੈਂ ਉਸ ਆਵਾਜ਼ ਨੂੰ ਸੁਣਦਾ ਹਾਂ।"

331 ਅਵਾਜ਼ ਹੁਣ ਤੁਹਾਡੇ ਨਾਲ ਗੱਲ ਕਰ ਰਹੀ ਹੈ! ਮੁੜੋ, ਹੇ ਖਿਲਰੇ ਹੋਇਓ! ਮੁੜੋ, ਹੇ ਭਟਕਦੇ ਤਾਰੇ! ਮੁੜੋ, ਤੁਸੀਂ ਜੋ ਬਾਹਰ ਕੱਢੇ ਗਏ ਹੋ! ਮੁੜੋ, ਅੱਜ ਰਾਤ!

332 ਕੀ ਤੁਸੀਂ ਨਹੀਂ ਮੁੜੋਗੇ? ਬੱਸ ਖਲੋ ਕੇ ਕਹੋ, "ਮੈਂ ਆਪਣੇ ਆਪ ਨੂੰ ਇੱਕ ਪਾਪੀ ਵਜੋਂ ਪਛਾਣਦਾ ਹਾਂ, ਰਹਿਮ ਦੀ ਮੰਗ ਕਰਦਾ ਹਾਂ।" ਕੀ ਤੁਸੀਂ ਇਹ ਕਰੋਗੇ, ਕੋਈ ਹੋਰ? ਪਰਮੇਸ਼ੁਰ ਤੁਹਾਨੂੰ ਆਸ਼ੀਸ਼ ਦੇਵੇ, ਔਰਤ। ਪਰਮੇਸ਼ੁਰ ਤੈਨੂੰ ਬਰਕਤ ਦੇਵੇ, ਉਥੇ, ਪੁੱਤਰ। ਜੇ ਮੈਂ ਤੁਹਾਨੂੰ ਛੱਡ ਦਿਆਂ, ਤਾਂ ਉਹ ਨਹੀਂ ਛੱਡੇਗਾ। ਪ੍ਰਭੂ ਤੈਨੂੰ ਬਰਕਤ ਦੇਵੇ, ਔਰਤ। ਇਹ ਬਹੁਤ ਵਧੀਆ ਹੈ। ਇਹ ਬਹੁਤ ਵਧੀਆ ਹੈ। ਕੋਈ ਹੋਰ? ਬਸ ਰੱਖੋ...ਮੈਂ ਇੱਕ ਮਿੰਟ ਹੋਰ ਰੁਕਣਾ ਚਾਹੁੰਦਾ ਹਾਂ, ਕਿਉਂਕਿ ਮੈਂ ਅਜੇ ਵੀ ਇੱਥੇ ਥੋੜ੍ਹਾ ਬੋਝ ਮਹਿਸੂਸ ਕਰਦਾ ਹਾਂ, ਦੇਖੋ। ਕੋਈ ਹੋਰ? ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ, ਔਰਤ। ਅਜਿਹਾ ਕਰਨ ਦਾ ਇਹ ਤਰੀਕਾ ਹੈ। ਇਹ ਹੀ ਗੱਲ ਹੈ। ਕੋਈ ਹੋਰ, "ਮੈਂ ਆਪਣੀ ਪਛਾਣ ਕਰਨਾ ਚਾਹੁੰਦਾ ਹਾਂ, ਬੱਸ ਆਪਣੇ ਆਪ ਨੂੰ ਉੱਚਾ ਚੁੱਕੋ ਅਤੇ ਕਹੋ ਕਿ ਮੈਂ ਗਲਤ ਹਾਂ। ਮੈਂ ਕਿਰਪਾ ਦੀ ਮੰਗ ਕਰ ਰਿਹਾ ਹਾਂ"? ਕੀ ਤੁਸੀਂ ਇਹ ਕਰੋਗੇ? ਸਾਡੇ ਅੱਗੇ ਵਧਣ ਤੋਂ ਪਹਿਲਾਂ ਜਲਦੀ, ਉੱਠੋ ਅਤੇ ਕਹੋ, "ਮੈਂ ਆਪਣੀ ਪਛਾਣ ਕਰਨਾ ਚਾਹੁੰਦਾ ਹਾਂ, ਪ੍ਰਭੂ ਯਿਸੂ।" ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ, ਨੌਜਵਾਨ ਔਰਤ।

333 ਤੁਸੀਂ ਜਾਣਦੇ ਹੋ, ਸ਼ਾਇਦ ਤੁਹਾਡੇ ਘਰ ਪਹੁੰਚਣ ਤੋਂ ਪਹਿਲਾਂ, ਪਰ ਕਿਸੇ ਨਾ ਕਿਸੇ ਸਮੇਂ ਤੁਹਾਡੇ ਚਿਹਰੇ ਤੇ ਠੰਡੀ ਧੁੰਦ ਆ ਰਹੀ ਹੋਵੇਗੀ। ਸ਼ਾਇਦ ਕਿਸੇ ਸਵੇਰੇ ਡਾਕਟਰ ਆਏਗਾ ਅਤੇ ਉਹ ਤੁਹਾਡੀ ਬਾਂਹ ਦੇ ਰਾਹੀਂ ਤੁਹਾਡੀ ਨਬਜ਼ ਮਹਿਸੂਸ ਕਰੇਗਾ, ਹੁਣ ਕੁਝ ਹੋਰ ਨਹੀਂ ਕੀਤਾ ਜਾ ਸਕਦਾ। ਫਿਰ ਤੁਸੀਂ ਮੌਤ ਦੀਆਂ ਠੰਡੀਆਂ ਲਹਿਰਾਂ ਨੂੰ ਆਪਣੇ ਚਿਹਰੇ ਤੇ ਤੈਰਦੀਆਂ ਮਹਿਸੂਸ ਕਰੋਗੇ। ਤੁਹਾਨੂੰ ਯਾਦ ਆਵੇਗਾ ਕਿ ਤੁਸੀਂ ਕੀ ਕੀਤਾ ਹੈ।

334 ਯਾਦ ਰੱਖੋ, ਉਹ ਤੁਹਾਨੂੰ ਜਿਆਦਾ ਗਹਿਰਾਈ ਵਿੱਚ ਨਹੀਂ ਦਫਨ ਕਰ ਸਕਦੇ, ਉਹ ਤੁਹਾਡੇ ਨਾਲ ਕੁਝ ਵੀ ਨਹੀਂ ਕਰ ਸਕਦੇ। ਪਰਮੇਸ਼ੁਰ ਨੇ ਵਾਅਦਾ ਕੀਤਾ, "ਮੈਂ ਤੁਹਾਨੂੰ ਆਖਰੀ ਦਿਨ, ਦੁਬਾਰਾ ਜੀ ਉਠਾਵਾਂਗਾ।" ਦੇਖੋ। "ਉਹ ਜੋ ਮੇਰੇ ਵਚਨਾਂ ਨੂੰ ਸੁਣਦਾ ਹੈ ਅਤੇ ਉਸ ਉੱਤੇ ਵਿਸ਼ਵਾਸ ਕਰਦਾ ਹੈ ਜਿਸਨੇ ਮੈਨੂੰ ਭੇਜਿਆ ਹੈ, ਉਹਦੇ ਕੋਲ ਸਦੀਪਕ ਜੀਵਨ ਹੈ ਅਤੇ ਉਹ ਨਿਆਂ ਵਿੱਚ ਨਹੀਂ ਜਾਵੇਗਾ, ਪਰ ਮੌਤ ਤੋਂ ਪਾਰ ਹੋ ਕੇ ਜੀਵਨ ਵਿੱਚ ਚਲਾ ਗਿਆ ਹੈ।" ਜੇ ਤੁਸੀਂ ਕਰ ਸਕਦੇ ਹੋ, ਤਾਂ ਕਿਸੇ ਨੂੰ ਇਸ ਗੱਲ ਨੂੰ ਆਪਣੇ ਵਿੱਚੋਂ ਮਿਟਾਉਣ ਦਿਓ। ਯਿਸੂ ਮਸੀਹ ਨੇ ਇਹ ਕਿਹਾ ਸੀ। "ਉਹ ਜੋ ਮੇਰੇ ਵਚਨਾਂ ਤੇ ਵਿਸ਼ਵਾਸ ਕਰਦਾ ਹੈ (ਇਹ 'ਸਮਝਦਾ' ਹੈ) ਅਤੇ ਉਸ ਤੇ ਵਿਸ਼ਵਾਸ ਕਰਦਾ ਹੈ ਜਿਸਨੇ ਮੈਨੂੰ ਭੇਜਿਆ, ਉਸ ਕੋਲ ਸਦੀਪਕ ਜੀਵਨ ਹੈ, ਉਹ ਕਦੇ ਵੀ ਉਹ ਨਿਆਂ, ਸਜਾ ਹੇਠ ਨਹੀਂ ਆਵੇਗਾ, ਪਰ ਮੌਤ ਤੋਂ ਪਾਰ ਹੋ ਕੇ ਜੀਵਨ ਵਿੱਚ ਚਲਾ ਗਿਆ ਹੈ।" ਕਿਉਂਕਿ, ਉਸਨੇ ਪਰਮੇਸ਼ੁਰ ਦੇ ਇਕਲੌਤੇ ਪੁੱਤਰ ਉੱਤੇ ਵਿਸ਼ਵਾਸ ਕੀਤਾ ਹੈ, ਜਿਸ ਨੂੰ ਪਰਮੇਸ਼ੁਰ ਨੇ ਦੋ ਹਜ਼ਾਰ ਸਾਲ ਪਹਿਲਾਂ ਜੀ ਉਠਾਇਆ ਸੀ, ਅਤੇ ਉਹ ਇੱਥੇ ਜ਼ਿੰਦਾ ਹੈ, ਅੱਜ ਰਾਤ, ਉਸਦੇ ਜੀ ਉੱਠਣ ਦੇ ਸਬੂਤ ਨੂੰ ਦਿਖਾ ਰਿਹਾ ਹੈ।

335 ਕੀ ਉਸ ਤੋਂ ਬਾਅਦ, ਕੋਈ ਹੋਰ ਖੜ੍ਹਾ ਹੋਵੇਗਾ, ਕੋਈ ਹੋਰ ਕਹੇ, "ਮੈਂ ਇਸਨੂੰ ਸਵੀਕਾਰ ਕਰਨਾ ਚਾਹੁੰਦਾ ਹਾਂ। ਮੈਂ ਉਸ ਨੂੰ ਸਵੀਕਾਰ ਕਰਨਾ ਚਾਹੁੰਦਾ ਹਾਂ"? ਪ੍ਰਭੂ ਤੁਹਾਨੂੰ ਆਸ਼ੀਸ਼ ਦੇਵੇ। ਪ੍ਰਭੂ ਤੁਹਾਨੂੰ ਆਸ਼ੀਸ਼ ਦੇਵੇ। ਇਹ ਬਹੁਤ ਵਧੀਆ ਹੈ, ਛੋਟੀ ਔਰਤ। ਇਹ ਇੱਕ ਬਹਾਦਰੀ ਵਾਲੀ ਗੱਲ ਹੈ। ਮੈਂ ਚਾਹੁੰਦਾ ਹਾਂ ਕਿ ਤੁਸੀਂ ਧਿਆਨ ਦਿਓ।

336 ਮੈਂ ਇੱਕ ਜਗਵੇਦੀ ਦੀ ਪੁਕਾਰ ਵੇਖੀ, ਇੱਥੇ ਕੁਝ ਸਮਾਂ ਪਹਿਲਾਂ, ਲੋਕ ਆ ਰਹੇ ਸਨ, ਚਿਊਇੰਗਮ ਚਬਾਉਂਦੇ ਹੋਏ, ਇੱਕ ਦੂਜੇ ਨੂੰ ਮੁੱਕੇ ਮਾਰਦੇ ਹੋਏ।

337 ਪਰ ਕੀ ਤੁਸੀਂ ਉਨ੍ਹਾਂ ਲੋਕਾਂ ਦੇ ਚਿਹਰਿਆਂ ਤੇ ਗੰਭੀਰਤਾ ਨੂੰ ਦੇਖਿਆ ਹੈ? ਉਨ੍ਹਾਂ ਜਵਾਨ ਔਰਤਾਂ ਨੂੰ, ਉਨ੍ਹਾਂ ਦੇ ਵਾਲ ਕਟਾਉਣ ਲਈ, ਸਿੰਗਾਰ ਕਰਨ ਲਈ ਉਨ੍ਹਾਂ ਨੂੰ ਫਿਟਕਾਰਨ ਤੋਂ ਬਾਅਦ ਵੀ; ਉਸ ਸਿੰਗਾਰ ਦੇ ਨਾਲ, ਅਤੇ ਕੱਟੇ ਹੋਏ ਵਾਲਾਂ ਨਾਲ, ਬਿਲਕੁਲ ਉਸੇ ਤਰ੍ਹਾਂ ਖੜੀਆਂ ਸਨ, "ਮੈਂ ਇੱਕ ਪਾਪੀ ਹਾਂ। ਮੇਰੇ ਉੱਤੇ ਕਿਰਪਾ ਕਰ, ਪਰਮੇਸ਼ੁਰ।" ਇਹ ਉਹ ਬੀਜ ਹੈ ਜੋ ਉੱਥੇ ਪਿਆ ਹੈ। ਚਾਨਣ ਇਸ ਉੱਤੇ ਪਿਆ, ਅਤੇ ਉਹ ਇਸ ਨੂੰ ਜਾਣਦੇ ਹਨ। ਪਰਮੇਸ਼ੁਰ ਤੁਹਾਨੂੰ ਆਸ਼ੀਸ਼ ਦੇਵੇ।

ਅਤੇ ਆਓ ਅਸੀਂ ਹੁਣ ਆਪਣੇ ਸਿਰਾਂ ਨੂੰ ਝੁਕਾਈਏ।

338 ਮੈਂ ਚਾਹੁੰਦਾ ਹਾਂ ਕਿ ਇੱਥੇ ਹਰ ਵਿਸ਼ਵਾਸੀ, ਜਿਹੜਾ ਉਸ ਵਿਅਕਤੀ ਦੇ ਨੇੜੇ ਖੜ੍ਹਾ ਹੈ ਜੋ ਖੜ੍ਹਾ ਹੋਇਆ ਸੀ, ਉਸ ਵਿਅਕਤੀ ਤੇ ਆਪਣਾ ਹੱਥ ਰੱਖੋ,

(ਕੀ ਤੁਸੀਂ ਰੱਖੋਗੇ?), ਜੋ ਖੜ੍ਹਾ ਹੋਇਆ ਸੀ। ਉਹ ਤੁਹਾਡੇ ਕੋਲ ਖੜੇ ਸਨ। ਜੇ ਤੁਸੀਂ ਇੱਕ ਮਸੀਹੀ ਹੋ, ਤਾਂ ਉਹਨਾਂ ਉੱਤੇ ਆਪਣਾ ਹੱਥ ਰੱਖੋ, "ਭੈਣ, ਭਾਈ, ਮੈਂ ਹੁਣ ਤੁਹਾਡੇ ਤੇ ਆਪਣਾ ਹੱਥ ਰੱਖਿਆ ਹੈ। ਮੈਂ ਪ੍ਰਾਰਥਨਾ ਕਰਨ ਜਾ ਰਿਹਾ ਹਾਂ।"

339 ਸਵਰਗੀ ਪਿਤਾ, ਅੱਜ ਰਾਤ ਇੱਥੇ ਉਹ ਹਨ ਜੋ—ਜੋ ਤੇਰੇ ਤੇ ਵਿਸ਼ਵਾਸ ਕਰਦੇ ਹਨ। "ਕੁਝ ਬੀਜ ਰਾਹ ਵਿੱਚ ਡਿੱਗ ਗਏ," ਤੁਸੀ ਕਿਹਾ, "ਪੰਛੀ ਆਏ ਅਤੇ ਇਸ ਨੂੰ ਚੁਗ ਲਿਆ। ਦੂਸਰੇ ਪੱਥਰੀਲੀ ਜ਼ਮੀਨ, ਅਤੇ ਕੰਡਿਆਲੀਆਂ ਝਾੜੀਆਂ ਅਤੇ ਭਖੜਿਆਂ ਵਿੱਚ ਡਿੱਗ ਪਏ। ਪਰ ਕੁਝ ਚੰਗੀ, ਉਪਜਾਊ ਜ਼ਮੀਨ ਵਿੱਚ ਚਲੇ ਜਾਂਦੇ ਹਨ।" ਅਤੇ ਤੁਹਾਡੀ ਮੌਜੂਦਗੀ ਨੇ, ਅੱਜ ਰਾਤ, ਇੱਥੇ ਬਹੁਤ ਸਾਰੇ ਲੋਕਾਂ ਨੂੰ ਯਕੀਨ ਦਵਾਇਆ ਹੈ ਕਿ ਤੁਸੀਂ ਪਰਮੇਸ਼ੁਰ ਦੇ ਪੁੱਤਰ ਹੋ, ਕਿ ਤੁਸੀਂ ਸਦਾ ਲਈ ਜਿਉਂਦੇ ਹੋ। ਅਤੇ ਤੁਸੀਂ ਵਾਅਦਾ ਕੀਤਾ ਹੈ, ਕਿਉਂਕਿ ਤੁਸੀਂ ਜਿਉਂਦੇ ਹੋ, ਅਸੀਂ ਵੀ ਜੀ ਸਕਦੇ ਹਾਂ।

340 ਪ੍ਰਭੂ ਯਿਸੂ, ਉਹ ਉੱਠੇ ਅਤੇ ਗਵਾਹ ਵਜੋਂ ਖੜ੍ਹੇ ਹੋਏ ਹਨ ਕਿ ਉਨ੍ਹਾਂ ਨੇ ਤੁਹਾਡੇ ਤੇ ਵਿਸ਼ਵਾਸ ਕੀਤਾ ਹੈ। ਹੁਣ, ਪ੍ਰਭੂ, ਮੈਂ ਜਾਣਦਾ ਹਾਂ ਕਿ ਤੁਸੀਂ ਉਸ ਦਿਨ ਉਨ੍ਹਾਂ ਲਈ ਖੜੇ ਹੋਵੋਗੇ। ਇਹ ਬਖਸ਼ ਦੇ, ਪ੍ਰਭੂ। ਮੈਂ ਉਨ੍ਹਾਂ ਨੂੰ ਯਿਸੂ ਮਸੀਹ ਦੇ ਨਾਮ ਵਿੱਚ ਤੁਹਾਨੂੰ ਦਿੰਦਾ ਹਾਂ। ਹੋਣ ਦੇ ਕਿ ਉਹ ਕਿਸੇ ਚੰਗੀ ਕਲੀਸਿਯਾ ਜਾਣ ਅਤੇ ਮਸੀਹੀ ਬਪਤਿਸਮਾ ਲੈਣ। ਹੋਣ ਦੇ ਕਿ ਉਹ ਆਪਣੇ ਆਪ ਨੂੰ ਵਿਸ਼ਵਾਸੀਆਂ ਦੇ ਕੁਝ ਚੰਗੇ ਝੁੰਡ ਵਿੱਚ ਸ਼ਾਮਲ ਕਰ ਲੈਣ। ਹੋਣ ਦੇ ਕਿ ਉਹ ਪਵਿੱਤਰ ਆਤਮਾ ਨਾਲ ਭਰ ਜਾਣ। ਉਹ ਖੁਸ਼ਖਬਰੀ ਦੇ ਇਨਾਮ ਹੋਣ, ਉਸ ਦਿਨ ਤੁਹਾਡੇ ਤਾਜ ਵਿੱਚ ਹੀਰੇ ਹੋਣ। ਅਤੇ ਜੇ ਮੈਂ ਉਨ੍ਹਾਂ ਨੂੰ ਉਸ ਮਹਾਨ ਦਿਨ ਦੇ ਇਸ ਪਾਸੇ ਦੁਬਾਰਾ ਕਦੇ ਨਾ ਦੇਖਾਂ, ਤਾਂ ਮੈਂ ਉਨ੍ਹਾਂ ਨੂੰ ਉਸ ਦਿਨ ਵਾਂਗ ਵੇਖਾਂ ਜਿਵੇਂ ਕਿ ਦਰਸ਼ਨ ਵਿੱਚ ਵੇਖਿਆ ਸੀ, ਕਹਿੰਦੇ ਹੋਏ, "ਕੀ ਤੁਹਾਨੂੰ ਮੈਰਾ ਚੇਤਾ ਨਹੀਂ? ਇਹ ਬੈਟਨ ਰੂਜ ਵਿਖੇ ਸੀ, ਉਸ ਰਾਤ, ਮੈਂ ਖੜ੍ਹਾ ਹੋਇਆ ਸੀ।" ਇਹ ਦੇ ਦਿਓ, ਪਿਤਾ। ਉਹ ਤੁਹਾਡੇ ਹਨ, ਮਸੀਹ ਦੇ ਨਾਮ ਵਿੱਚ।

341 ਇੱਥੇ ਮੇਰੇ ਸਾਹਮਣੇ ਰੁਮਾਲਾਂ ਦਾ ਇੱਕ ਡੱਬਾ ਪਿਆ ਹੋਇਆ ਹੈ, ਛੋਟੀਆਂ ਜੁੱਤੀਆਂ, ਬੂਟ, ਰੁਮਾਲ, ਅਤੇ ਕੱਪੜੇ, ਅਤੇ ਪਟਕੇ। ਸਾਨੂੰ ਬਾਈਬਲ ਵਿਚ ਸਿਖਾਇਆ ਗਿਆ ਹੈ ਕਿ ਉਨ੍ਹਾਂ ਨੇ ਸੰਤ ਪੌਲੁਸ ਸਰੀਰ ਰੁਮਾਲ ਅਤੇ ਪਟਕੇ ਨੂੰ ਛੁਆਏ, ਅਸ਼ੁੱਧ ਆਤਮਾਵਾਂ ਲੋਕਾਂ ਵਿੱਚੋਂ ਨਿਕਲ ਗਈਆਂ। ਹੁਣ, ਪਿਤਾ, ਅਸੀਂ ਜਾਣਦੇ ਹਾਂ ਕਿ ਅਸੀਂ ਸੰਤ ਪੌਲੁਸ ਨਹੀਂ ਹਾਂ, ਪਰ ਤੁਸੀਂ ਅਜੇ ਵੀ ਉਹੀ ਪਰਮੇਸ਼ੁਰ ਹੋ, ਇਸ ਲਈ ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੁਸੀਂ ਉਹੀ ਨਤੀਜੇ ਦਿਓ, ਜਿਵੇਂ ਕਿ ਇਹ ਪੀੜ੍ਹੀ ਸੱਚੇ ਦਿਲੋਂ ਵਿਸ਼ਵਾਸ ਕਰਦੀ ਹੈ। ਉਨ੍ਹਾਂ ਨੇ ਕਦੇ

ਵੀ ਪੌਲੁਸ ਤੇ ਇਸ ਕਰਕੇ ਵਿਸ਼ਵਾਸ ਨਹੀਂ ਕੀਤਾ ਕਿਉਂਕਿ ਉਹ ਪੌਲੁਸ ਸੀ; ਉਨ੍ਹਾਂ ਨੇ ਪੌਲੁਸ ਤੇ ਵਿਸ਼ਵਾਸ ਕੀਤਾ ਕਿਉਂਕਿ ਤੁਸੀਂ ਆਪਣੇ ਆਪ ਦੀ ਪਛਾਣ ਪੌਲੁਸ ਨਾਲ ਦਿੱਤੀ ਸੀ। ਹੁਣ ਉਹ ਅੱਜ ਰਾਤ ਉਸੇ ਗੱਲ ਤੇ ਵਿਸ਼ਵਾਸ ਕਰਦੇ ਹਨ, ਪ੍ਰਭੂ, ਕਿ ਅੱਜ ਰਾਤ, ਤੁਹਾਨੂੰ ਸਾਡੇ ਵਿੱਚ ਪਛਾਣਿਆ ਗਿਆ ਹੈ। ਅਤੇ ਇੱਕ ਦਿਨ, ਅਸੀਂ ਕਹਿੰਦੇ…

342 ਇੱਕ ਲੇਖਕ ਸਾਨੂੰ ਦੱਸ ਰਿਹਾ ਸੀ, ਕਿ, "ਇਸਰਾਏਲ ਵਾਅਦਾ ਕੀਤੇ ਹੋਏ ਦੇਸ਼ ਵੱਲ ਆਪਣੇ ਰਾਹ ਤੇ ਸੀ, ਅਤੇ ਲਾਲ ਸਾਗਰ ਉਨ੍ਹਾਂ ਨੂੰ ਵਾਅਦਾ ਕੀਤੇ ਹੋਏ ਦੇਸ਼ ਤੋਂ ਕੱਟਣ ਲਈ, ਰਾਹ ਵਿੱਚ ਆ ਗਿਆ।" ਲੇਖਕ ਨੇ ਕਿਹਾ, ਕਿ, "ਪਰਮੇਸ਼ੁਰ ਨੇ ਅੱਗ ਦੇ ਉਸ ਥੰਮ੍ਹ ਵਿੱਚੋਂ, ਗੁੱਸੇ ਭਰੀਆਂ ਅੱਖਾਂ ਨਾਲ ਦੇਖਿਆ, ਜਦੋਂ ਇਹ ਇਸਰਾਏਲ ਉੱਤੇ ਮੰਡਰਾਉਂਦਾ ਸੀ। ਇਸ ਨੇ ਅੰਨ੍ਹਾਪਨ, ਅਵਿਸ਼ਵਾਸੀ ਲਈ ਹਨੇਰਾ, ਅਤੇ ਇਸਰਾਏਲ ਲਈ ਚਾਨਣ ਬਣਾਇਆ। ਅਤੇ ਜਦੋਂ ਉਹ ਲਾਲ ਸਾਗਰ ਰਾਹ ਵਿੱਚ ਆਇਆ, ਇਹ ਡਰ ਗਿਆ, ਅਤੇ ਇਹ ਪਿਛਾਂਹ ਹਟ ਗਿਆ, ਅਤੇ ਇਸਰਾਏਲ ਸੁੱਕੀ ਜ਼ਮੀਨ ਨੂੰ ਲੰਘ ਕੇ ਵਾਅਦਾ ਕੀਤੇ ਹੋਏ ਦੇਸ਼ ਨੂੰ ਚਲਾ ਗਿਆ।"

343 ਪ੍ਰਭੂ ਪਰਮੇਸ਼ੁਰ, ਅੱਜ ਰਾਤ ਨੂੰ, ਆਪਣੇ ਪੁੱਤਰ, ਯਿਸੂ ਮਸੀਹ ਦੇ ਲਹੂ ਰਾਹੀਂ ਹੇਠਾਂ ਦੇਖੋ। ਜਦੋਂ ਮੈਂ ਇਨ੍ਹਾਂ ਰੁਮਾਲਾਂ ਉੱਤੇ ਆਪਣੇ ਹੱਥ ਰੱਖਦਾ ਹਾਂ, ਜਦੋਂ ਉਹ ਬਿਮਾਰਾਂ ਉੱਤੇ ਰੱਖੇ ਜਾਣ, ਪਵਿੱਤਰ ਆਤਮਾ, ਪ੍ਰਭੂ, ਉਸ ਵਿਅਕਤੀ ਨੂੰ ਵੇਖੇ, ਅਤੇ ਬਿਮਾਰੀ ਇਸ ਤੋਂ ਦੂਰ ਹੋ ਜਾਵੇ, ਅਤੇ ਉਹ ਪਾਰ ਕਰਕੇ ਚੰਗੀ ਸਿਹਤ ਅਤੇ ਸਮਰੱਥ ਵਾਲੀ ਧਰਤੀ ਵਿੱਚ ਜਾ ਸਕਨ। ਕਿ, ਬਾਈਬਲ ਨੇ ਕਿਹਾ, "ਸਾਰੀਆਂ ਚੀਜਾਂ ਤੋਂ ਉੱਪਰ," ਕਿ ਉਹ ਚਾਹੁੰਦੇ ਸਨ ਕਿ ਅਸੀਂ "ਸਿਹਤ ਵਿੱਚ ਖੁਸ਼ਹਾਲ" ਹੋ ਜਾਈਏ। ਬਖਸ਼ ਦੇ, ਪ੍ਰਭੂ। ਮੈਂ ਉਨ੍ਹਾਂ ਨੂੰ ਯਿਸੂ ਮਸੀਹ ਦੇ ਨਾਮ ਵਿੱਚ ਭੇਜਦਾ ਹਾਂ। ਆਮੀਨ।

…ਮੈਂ ਪਿੱਛੇ ਜਾਵਾਂਗਾ,
ਜਿੱਥੇ ਉਹ ਅਗਵਾਈ ਕਰਦਾ ਹੈ…

ਆਓ ਬਸ ਗਾਈਏ।

…ਮੈਂ ਜਾਵਾਂਗਾ,
ਮੈਂ ਉਸ ਦੇ ਨਾਲ ਜਾਵਾਂਗਾ,

ਹੁਣ ਉਸ ਦੀ ਹਜੂਰੀ ਇੱਥੇ ਹੈ, ਆਓ ਅਸੀਂ ਉਸ ਦੀ ਗੀਤ ਵਿੱਚ, ਮਿਠਾਸ ਨਾਲ ਅਰਾਧਨਾ ਕਰੀਏ।

…ਸਾਰੇ ਰਾਹ ਵਿੱਚ।

344 ਕੀ ਤੁਸੀਂ ਇਸ ਨੂੰ ਗਾ ਸਕਦੇ ਹੋ, ਸੱਚਮੁੱਚ, ਇਸ ਤਰ੍ਹਾਂ:

ਜਿੱਥੇ ਉਹ ਮੇਰੀ ਅਗਵਾਈ ਕਰਦਾ ਹੈ ਮੈਂ ਉਸਦੇ ਪਿੱਛੇ ਜਾਵਾਂਗਾ,
ਜਿੱਥੇ ਉਹ ਮੇਰੀ ਅਗਵਾਈ ਕਰਦਾ ਹੈ ਮੈਂ ਉਸਦੇ ਪਿੱਛੇ ਜਾਵਾਂਗਾ,
ਜਿੱਥੇ ਉਹ ਮੇਰੀ ਅਗਵਾਈ ਕਰਦਾ ਹੈ ਮੈਂ ਉਸਦੇ ਪਿੱਛੇ ਜਾਵਾਂਗਾ,
ਮੈਂ ਜਾਵਾਂਗਾ...

ਜੇ ਹੁਣ ਤੁਸੀਂ ਚਾਹੋ, ਤਾਂ ਆਪਣਾ ਹੱਥ ਉੱਪਰ ਚੁੱਕ ਸਕਦੇ ਹੋ।

...ਉਸ ਦੇ ਨਾਲ ਅੰਤ ਤਕ ਜਾਵਾਂਗਾ।

ਚਲੋ ਹੁਣ ਖੜੇ ਹੋਈਏ, ਆਪਣੇ ਹੱਥ ਦੁਬਾਰਾ ਉਠਾਓ।

...ਉਹ ਬਾਗ਼ ਰਾਹੀਂ,

345 ਹਰ ਕੋਈ ਹੁਣ ਆਤਮਾ ਵਿੱਚ ਗਾਵੇ। ਅਸਲ ਕੱਟਣ ਵਾਲਾ ਸੰਦੇਸ਼। ਆਓ ਉਸਦੀ ਹਜ਼ੂਰੀ ਵਿੱਚ ਉਸਦੀ ਅਰਾਧਨਾ ਕਰੀਏ। ਉਸ ਨੂੰ ਚੰਗਾ ਲੱਗਦਾ ਹੈ ਕਿ ਉਸਦੀ ਅਰਾਧਨਾ ਕੀਤੀ ਜਾਵੇ।

...ਬਾਗ,
ਮੈਂ ਉਸ ਦੇ ਨਾਲ ਬਾਗ ਰਾਹੀਂ ਜਾਵਾਂਗਾ,
ਮੈਂ ਉਸ ਦੇ ਨਾਲ, ਉਸ ਦੇ ਨਾਲ ਜਾਵਾਂਗਾ...

ਹੁਣ ਇਸਨੂੰ ਗੁਣਗੁਣਾਵਾਂਗੇ।

ਮੈਂ ਕਰ ਸਕਦਾ ਹਾਂ...

346 ਹੁਣ ਜਦੋਂ ਤੁਸੀਂ ਅਜਿਹਾ ਕਰ ਰਹੇ ਹੋ, ਮੈਂ ਚਾਹੁੰਦਾ ਹਾਂ ਕਿ ਤੁਸੀਂ ਕਿਸੇ ਨਾਲ ਹੱਥ ਮਿਲਾਓ, ਕਹੋ, "ਪਰਮੇਸ਼ੁਰ ਤੁਹਾਨੂੰ ਆਸ਼ੀਸ਼ ਦੇਵੇ, ਯਾਤਰੀ। ਪ੍ਰਭੂ ਤੈਨੂੰ ਅਸੀਸ ਦੇਵੇ, ਸ਼ਰਧਾਲੂ," ਓਸ ਵਾਂਗ। ਅਸੀਂ ਇੱਕ ਦੂਜੇ ਦੇ ਨਾਲ ਹਾਂ। ਮੈਥੋਡਿਸਟ, ਅਤੇ ਬੈਪਟਿਸਟ, ਪ੍ਰੈਸਬੀਟੇਰੀਅਨ, ਪੈਂਟੇਕੋਸਟਲ, ਸਾਰੇ ਇੱਕ ਦੂਜੇ ਨਾਲ ਹੱਥ ਮਿਲਾਓ, "ਪ੍ਰਭੂ ਤੁਹਾਨੂੰ ਅਸੀਸ ਦੇਵੇ, ਯਾਤਰੀ।" ਇਹ ਉਹ ਹੈ ਜੋ ਅਸੀਂ ਹਾਂ, ਯਾਤਰੀ।

...ਬਾਗ,

347 ਪਰਮੇਸ਼ੁਰ ਤੁਹਾਨੂੰ ਆਸ਼ੀਸ਼ ਦੇਵੇ, ਯਾਤਰੀ। ਪਰਮੇਸ਼ੁਰ ਤੁਹਾਨੂੰ ਆਸ਼ੀਸ਼ ਦੇਵੇ, ਅਸੀਂ ਹਰ ਇੱਕ ਪਰਦੇਸੀ ਹਾਂ। ਪਰਮੇਸ਼ੁਰ ਤੁਹਾਨੂੰ ਆਸ਼ੀਸ਼ ਦੇਵੇ, ਮੇਰੇ ਭਾਈ। ਪਰਮੇਸ਼ੁਰ ਤੁਹਾਨੂੰ ਆਸ਼ੀਸ਼ ਦੇਵੇ [ਟੇਪ ਤੇ ਖਾਲੀ ਥਾਂ—ਸੰਪਾ।]

…ਬਾਗ,

ਹੁਣ ਆਪਣੇ ਹੱਥ ਉੱਪਰ ਕਰੋ।

ਮੈਂ ਉਸਦੇ ਨਾਲ ਜਾਵਾਂਗਾ, ਔਹ, ਉਸਦੇ ਨਾਲ ਸਾਰੇ ਸਫ਼ਰ ਵਿੱਚ।

348 ਆਓ ਅਸੀਂ ਆਪਣੇ ਸਿਰ ਨਿਮਰਤਾ ਨਾਲ, ਪ੍ਰਾਰਥਨਾ ਵਿੱਚ ਝੁਕਾਈਏ। ਸਵੇਰੇ, ਸੰਡੇ ਸਕੂਲ ਨੂੰ, ਨਾ ਭੁੱਲੋ।

349 *ਕਿਸੇ ਨਾ ਕਿਸੇ ਤਰ੍ਹਾਂ*, ਮੈਂ ਆਪਣੇ ਹਿਰਦੇ ਵਿੱਚ ਪਰਮੇਸ਼ੁਰ ਦੀ ਹਜ਼ੂਰੀ ਨੂੰ ਮਹਿਸੂਸ ਕਰਦਾ ਹਾਂ। ਕਿਸੇ ਤਰ੍ਹਾਂ ਮੇਰੇ ਲਈ ਅੱਜ ਰਾਤ ਜਾਣਾ ਬਹੁਤ ਮੁਸ਼ਕਲ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਪਵਿੱਤ੍ਰ ਆਤਮਾ ਖੁਸ਼ ਹੈ, ਅੱਜ ਰਾਤ। ਅਸੀਂ ਸ਼ਾਇਦ ਕੱਲ੍ਹ ਨੂੰ ਇੱਕ ਸ਼ਾਨਦਾਰ ਸੰਗਤੀ ਕਰਾਂਗੇ, ਲੋਕਾਂ ਨੂੰ ਮਸੀਹ ਕੋਲ ਆਉਂਦੇ ਦੇਖ ਕੇ, ਤੁਸੀਂ ਦੇਖ ਰਹੇ ਹੋ। ਕੋਈ ਹੈਰਾਨ ਸੀ ਕਿ ਮੈਂ ਕਿਉਂ ਕੋਈ ਵੇਦੀ ਦੇ ਪੁਕਾਰ ਕਿਓਂ ਨਹੀਂ ਕੀਤੀ। ਇਹ ਕਰਨ ਲਈ ਇੱਕ ਪ੍ਰੇਰਨਾ ਮਿਲਣ ਤਕ ਮੈਂ ਇੰਤਜ਼ਾਰ ਕਰਦਾ ਹਾਂ। ਸਮਝੇ?

350 ਮੈਨੂੰ ਭਰੋਸਾ ਹੈ ਕਿ ਹਰ ਕੋਈ ਜਿਸਨੇ ਆਪਣਾ ਹੱਥ ਉਠਾਇਆ, ਜਾਂ ਖੜੇ ਹੋਏ, ਮੈਨੂੰ ਭਰੋਸਾ ਹੈ ਕਿ ਤੁਸੀਂ ਕੱਲ੍ਹ ਨੂੰ ਕਿਸੇ ਚੰਗੀ ਕਲੀਸਿਯਾ ਵਿੱਚ ਹੋਵੋਗੇ, ਵਿਸ਼ਵਾਸੀਆਂ ਵਿੱਚ ਆਪਣੀ ਥਾਂ ਲਓ।

351 ਜਦ ਅਸੀਂ ਆਪਣੇ ਸਿਰ ਝੁਕਾਏ ਹੋਏ ਹਨ, ਇੱਥੇ ਪਾਸਟਰ ਨੂੰ ਅੱਗੇ ਆਉਣ ਲਈ ਕਹਿਣ ਜਾ ਰਹੇ ਹਾਂ, ਜੇ ਉਹ ਚਾਹੁੰਦਾ ਹੈ, ਬਰਖਾਸਤ ਕਰਨ ਲਈ। ਪਰਮੇਸ਼ੁਰ ਦੇ ਅੱਗੇ ਸਾਡੇ ਝੁਕੇ ਹੋਏ ਸਿਰ ਤੇ ਦਿਲ ਦੇ ਨਾਲ, ਪਰਮੇਸ਼ੁਰ ਤੁਹਾਨੂੰ ਆਸ਼ੀਸ਼ ਦੇਵੇ।

64-0321E ਚਿੰਨ੍ਹ ਦੀ ਅਵਾਜ
ਡੈਨਹੈਮ ਸਪ੍ਰਿੰਗਜ਼ ਹਾਈ ਸਕੂਲ
ਡੈਨਹੈਮ ਸਪ੍ਰਿੰਗਸ, ਲੂਸੀਆਨਾ ਸੰਯੁਕਤ ਰਾਜ ਅਮਰੀਕਾ

PUNJABI

©2024 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

## ਕਾਪੀਰਾਈਟ ਨੋਟਿਸ

ਸਾਰੇ ਹੱਕ ਰਾਖਵੇਂ ਹਨ । ਇਹ ਕਿਤਾਬ ਨਿਜੀ ਵਰਤੋਂ ਜਾਂ ਯਿਸੂ ਮਸੀਹ ਦੇ ਸ਼ੁਭਸਮਚਾਰ ਦੇ ਪ੍ਰਸਾਰ ਵਾਸਤੇ ਮੁਫ਼ਤ ਵੰਡਣ ਲਈ, ਘਰੇਲੂ ਪ੍ਰਿੰਟਰ ਤੇ ਛਾਪੀ ਜਾ ਸਕਦੀ ਹੈ । ਇਹ ਕਿਤਾਬ ਵੋਇਸ ਆਫ ਗੋਡ ਰਿਕਾਰਡਿੰਗਜ® ਵਲੋਂ ਲਿਖਤੀ ਇਜ਼ਾਜ਼ਤ ਦੇ ਬਿਨਾ ਵੇਚੀ, ਵੱਡੇ ਪੈਮਾਨੇ ਤੇ ਦੁਬਾਰਾ ਛਾਪੀ, ਕਿਸੇ ਵੈਬਸਾਈਟ ਤੇ ਪੋਸਟ, ਕਿਸੇ ਰੀਟਰੀਵਲ ਸਿਸਟਮ ਤੇ ਸਟੋਰ, ਕਿਸੇ ਹੋਰ ਭਾਸ਼ਾ ਵਿੱਚ ਅਨੁਵਾਦ, ਜਾਂ ਪੈਸੇ ਦੀ ਮੰਗ ਲਈ ਨਹੀਂ ਵਰਤੀ ਜਾ ਸਕਦੀ ਹੈ ।

ਵਧੇਰੇ ਜਾਣਕਾਰੀ ਜਾਂ ਹੋਰ ਉਪਲੱਬਧ ਸਮਗਰੀ ਦੇ ਲਈ, ਕਿਰਪਾ ਕਰੇ ਸੰਪਰਕ ਕਰੋ:

Voice Of God Recordings, India Office
19 (New No: 28) Shenoy Road, Nungambakkam
Chennai 600 034, India
044 28274560 • 044 28251791
india@vgroffice.org

Voice Of God Recordings
P.O. Box 950, Jeffersonville, Indiana 47131 U.S.A.
www.branham.org